# ਵਰਲਡ ਪੰਜਾਬੀ ਟਾਈਮਜ਼

WORLD PUNJABI TIMES

A Punjabi News Protal & Epaper From Winnipeg, Canada

Visit us at : www.worldpunjabitimes.com

Mob: 7973333573, +1 (418) 887-0162, +1 (431) 458-6922

ਮੁੱਖ ਸੰਪਾਦਕ : ਡਾ. ਸੁਰਜੀਤ ਸਿੰਘ  ਸਹਿ ਸੰਪਾਦਕ: ਨਵਜੋਤ ਬਿਲਿੰਗ  ਬਿਊਰੋ ਚੀਫ ਕੈਨੇਡਾ : ਅਮਰਜੀਤ ਸਿੰਘ ਬਾਵਾ  ਬਿਊਰੋ ਚੀਫ ਭਾਰਤ : ਗਗਨਦੀਪ ਗਿੱਲ




## ਸਿਆਟਲ ਵਿੱਚ ਹੋਈ ਸ਼ਾਨਦਾਰ ਇਕ ਰੋਜ਼ਾ ਅੰਤਰਰਾਸ਼ਟਰੀ ਪੰਜਾਬੀ ਕਾਨਫਰੰਸ ਨੇ ਅਮਿੱਟ ਛਾਪ ਛੱਡੀ

ਸਿਆਟਲ , ਅਮਰੀਕਾ: 27 ਅਗਸਤ : ਪੰਜਾਬੀ ਲਿਖਾਰੀ ਸਭਾ ਸਿਆਟਲ ਰਜਿ. ਵੱਲੋਂ ਐਤਵਾਰ 16 ਅਗਸਤ 2026 ਨੂੰ "ਪਰਵਾਸ ਵਿੱਚ ਪੰਜਾਬੀ: ਦਸ਼ਾ, ਦਿਸ਼ਾ ਤੇ ਸੰਭਾਵਨਾਵਾਂ" ਵਿਸ਼ੇ 'ਤੇ ਇਕ ਰੋਜ਼ਾ ਅੰਤਰਰਾਸ਼ਟਰੀ ਪੰਜਾਬੀ ਕਾਨਫਰੰਸ ਕਰਵਾਈ ਗਈ। ਕਾਨਫਰੰਸ ਵਿੱਚ ਪੰਜਾਬੀ ਮੂਲ ਦੇ ਪਰਵਾਸੀ ਮਰਦਾਂ, ਔਰਤਾਂ, ਨੌਜਵਾਨਾਂ ਅਤੇ ਬੱਚਿਆਂ ਨੇ ਉਤਸ਼ਾਹ ਨਾਲ ਸ਼ਮੂਲੀਅਤ ਕੀਤੀ। ਸਮਾਗਮ ਦਾ ਕੇਂਦਰੀ ਵਿਸ਼ਾ ਪਰਵਾਸ ਵਿੱਚ ਪੰਜਾਬੀ ਭਾਸ਼ਾ ਦੀ ਮੌਜੂਦਾ ਸਥਿਤੀ, ਇਸ ਦੀ ਦਿਸ਼ਾ ਅਤੇ ਭਵਿੱਖ ਦੀਆਂ ਸੰਭਾਵਨਾਵਾਂ ਰਿਹਾ। ਇਸ ਸਬੰਧੀ ਵਿਦਵਾਨਾਂ, ਲੇਖਕਾਂ ਅਤੇ ਵੱਖ-ਵੱਖ ਖੇਤਰਾਂ ਨਾਲ ਜੁੜੀਆਂ ਸ਼ਖ਼ਸੀਅਤਾਂ ਵੱਲੋਂ ਗੰਭੀਰ ਅਤੇ ਵਿਚਾਰਉਤੇਜਕ ਚਰਚਾ ਕੀਤੀ ਗਈ।




ਕਾਨਫਰੰਸ ਦੀ ਸ਼ੁਰੂਆਤ ਜੋਤ ਜਗਾਉਣ, 'ਗਗਨ ਮੈ ਥਾਲ' ਗੁਰਬਾਣੀ ਸ਼ਬਦ ਗਾਇਨ ਅਤੇ ਰਿਬਨ ਕਟਾਈ ਦੀ ਰਸਮ ਨਾਲ ਹੋਈ। ਇਹ ਰਸਮ ਇੰਗਲੈਂਡ ਤੋਂ ਵਿਸ਼ੇਸ਼ ਤੌਰ 'ਤੇ ਪਹੁੰਚੇ ਮੁੱਖ ਮਹਿਮਾਨ ਅਤੇ ਪ੍ਰਸਿੱਧ ਨਾਵਲਕਾਰ ਸ਼ਿਵਚਰਨ ਜੱਗੀ ਕੁੱਸਾ ਵੱਲੋਂ ਨਿਭਾਈ ਗਈ। ਜੱਗੀ ਕੁੱਸਾ ਦੇ ਪ੍ਰਧਾਨਗੀ ਮੰਡਲ ਵਿੱਚ ਸ਼ਾਮਲ ਹੋਣ ਉਪਰੰਤ ਕਾਨਫਰੰਸ ਦੀ ਰਸਮੀ ਸ਼ੁਰੂਆਤ ਹੋਈ। ਮੰਚ ਸੰਚਾਲਨ ਦੀ ਜ਼ਿੰਮੇਵਾਰੀ ਗੁਰਪ੍ਰੀਤ ਸਿੰਘ ਸੋਹਲ ਨੇ ਬਾਖੂਬੀ ਨਿਭਾਈ ਅਤੇ ਵਿਚ ਵਿਚਾਲੇ ਉਨ੍ਹਾਂ ਦਾ ਸਾਥ ਹਰਪਾਲ ਸਿੱਧੂ ਵੀ ਦਿੰਦੇ ਰਹੇ। ਸ਼ੁਰੂਆਤੀ ਸੈਸ਼ਨ ਵਿੱਚ ਸਭਾ ਦੇ ਪ੍ਰਧਾਨ ਕਰਨੈਲ ਸਿੰਘ ਕੈਲ ਨੇ ਕੁੰਜੀਵਤ ਭਾਸ਼ਣ ਦਿੱਤਾ।

ਕਾਨਫਰੰਸ ਦੌਰਾਨ ਵੱਖ-ਵੱਖ ਵਿਸ਼ਿਆਂ 'ਤੇ ਪਰਚੇ ਪੇਸ਼ ਕਰਨ ਅਤੇ ਵਿਚਾਰ-ਚਰਚਾ ਵਿੱਚ ਹਿੱਸਾ ਲੈਣ ਵਾਲਿਆਂ ਵਿੱਚ ਪ੍ਰਸਿੱਧ ਰੇਡੀਓ ਅਤੇ ਟੀਵੀ ਹੋਸਟ ਡਾ. ਗੁਰਵਿੰਦਰ ਸਿੰਘ ਧਾਲੀਵਾਲ, ਬਲਜਿੰਦਰ ਕੌਰ ਬੀ ਮੀਡੀਆ, ਡਾ. ਜੱਸ ਮਲਕੀਤ, ਮੋਹਨ ਗਿੱਲ, ਸਿਮਰਨ ਸਿੰਘ ਸਾਡਾ ਟੀਵੀ ਸਮੇਤ ਸਾਹਿਤਕ, ਸਮਾਜਿਕ ਅਤੇ ਸੱਭਿਆਚਾਰਕ ਖੇਤਰਾਂ ਨਾਲ ਸਬੰਧਤ ਕਈ ਵਿਦਵਾਨ ਅਤੇ ਲੇਖਕ ਸ਼ਾਮਲ ਸਨ। ਇਨ੍ਹਾਂ ਵਿੱਚ ਦਲਬੀਰ ਦਿਲ ਨਿੱਜਰ, ਰਮਿੰਦਰਜੀਤ ਸਿੰਘ ਧਾਮੀ, ਪ੍ਰੋ. ਸੁਰਿੰਦਰ ਜੈਪਾਲ, ਗੁਰਚੇਤਨ ਸਿੰਘ, ਹਰਕੀਰਤ ਕੌਰ ਚਹਿਲ, ਧਰਮਵੀਰ ਧਾਲੀਵਾਲ, ਪਰਮਿੰਦਰ ਕੌਰ ਸਵੈਚ, ਮਨਜੀਤ ਬੈਂਸ, ਮਹਿੰਦਰ ਪਾਲ ਸਿੰਘ ਪਾਲ, ਭੁਪਿੰਦਰ ਸਿੰਘ ਮੱਲ੍ਹੀ, ਦਲਬੀਰ ਕੌਰ ਬਿੰਦੂ ਮਠਾੜੂ, ਜਸਬੀਰ ਕੌਰ ਮਾਨ, ਰਵਿੰਦਰ ਸਿੰਘ ਪਾਂਸ਼ਟਾ, ਪ੍ਰਿਤਪਾਲ ਅਟਵਾਲ ਪੂਨੀ ਅਤੇ ਨਗਿੰਦਰ ਬੀ ਕੌਰ ਦੇ ਨਾਮ ਜ਼ਿਕਰਯੋਗ ਹਨ। ਫ਼ਿਲਮੀ ਜਗਤ ਨਾਲ ਸਬੰਧਤ ਅਮਨ ਧਾਲੀਵਾਲ ਅਤੇ ਬੀ. ਕੇ. ਰੱਖੜਾ ਨੇ ਵੀ ਆਪਣੇ ਵਿਚਾਰ ਅਤੇ ਤਜਰਬੇ ਸਾਂਝੇ ਕੀਤੇ।

ਕਾਨਫਰੰਸ ਦੌਰਾਨ ਪੰਜਾਬੀ ਭਾਸ਼ਾ ਦੀ ਮੌਜੂਦਾ ਸਥਿਤੀ ਬਾਰੇ ਵੱਖ-ਵੱਖ ਵਿਚਾਰ ਸਾਹਮਣੇ ਆਏ। ਇੱਕ ਪੱਖ ਵੱਲੋਂ ਪੰਜਾਬੀ ਭਾਸ਼ਾ ਸਾਹਮਣੇ ਖੜ੍ਹੀਆਂ ਚੁਣੌਤੀਆਂ ਅਤੇ ਇਸ ਦੇ ਭਵਿੱਖ ਸਬੰਧੀ ਚਿੰਤਾਵਾਂ ਪ੍ਰਗਟਾਈਆਂ ਗਈਆਂ, ਜਦਕਿ ਦੂਜੇ ਪੱਖ ਵੱਲੋਂ ਪੰਜਾਬੀ ਦੀ ਤਰੱਕੀ, ਇਸ ਦੇ ਵਧ ਰਹੇ ਪਸਾਰ ਅਤੇ ਤਕਨਾਲੋਜੀ ਦੇ ਯੁੱਗ ਨਾਲ ਇਸ ਦੇ ਸਾਂਝੇਦਾਰ ਬਣਨ ਦੀਆਂ ਸੰਭਾਵਨਾਵਾਂ ਉਜਾਗਰ ਕੀਤੀਆਂ ਗਈਆਂ। ਇਤਿਹਾਸਕ ਪੱਖ ਤੋਂ ਵੀ ਇਹ ਗੱਲ ਸਾਹਮਣੇ ਆਈ ਕਿ ਪੰਜਾਬੀ ਭਾਸ਼ਾ ਨੇ ਲੰਮਾ ਸਫ਼ਰ ਤੈਅ ਕਰਦਿਆਂ ਕਈ ਖੇਤਰਾਂ ਵਿੱਚ ਮਹੱਤਵਪੂਰਨ ਤਰੱਕੀ ਕੀਤੀ ਹੈ।

ਚਰਚਾ ਦੌਰਾਨ ਇੱਕ ਅਹਿਮ ਸਵਾਲ ਵਾਰ-ਵਾਰ ਉੱਭਰਿਆ ਕਿ ਪੰਜਾਬੀ ਭਾਵੇਂ ਤਰੱਕੀ ਦੇ ਰਾਹ 'ਤੇ ਹੈ, ਪਰ ਇਸ ਨੂੰ ਪੰਜਾਬੀਆਂ, ਖ਼ਾਸ ਕਰਕੇ ਨੌਜਵਾਨਾਂ ਅਤੇ ਬੱਚਿਆਂ ਲਈ ਮਾਣ, ਪਛਾਣ ਅਤੇ ਭਵਿੱਖ ਦੀ ਭਾਸ਼ਾ ਕਿਵੇਂ ਬਣਾਇਆ ਜਾਵੇ। ਬੁਲਾਰਿਆਂ ਨੇ ਇਸ ਮਸਲੇ ਨੂੰ ਪਰਵਾਸੀ ਪੰਜਾਬੀ ਭਾਈਚਾਰੇ ਲਈ ਵਿਸ਼ੇਸ਼ ਮਹੱਤਵ ਵਾਲਾ ਦੱਸਿਆ।

ਕਾਨਫਰੰਸ ਦੇ ਵਿਸ਼ੇਸ਼ ਮਹਿਮਾਨ ਪੰਜਾਬ ਤੋਂ ਆਏ ਜਗਰੂਪ ਸਿੰਘ ਜਰਖੜ ਨੇ ਕਿਹਾ ਕਿ ਪੰਜਾਬੀ ਸਾਡੇ ਗੁਰੂਆਂ ਦੀ ਭਾਸ਼ਾ ਹੈ ਅਤੇ ਇਸ ਨੇ ਇਤਿਹਾਸ ਵਿੱਚ ਬਹੁਤ ਸਾਰੇ ਉਤਰਾਅ-ਚੜ੍ਹਾਅ ਦੇਖੇ ਹਨ। ਉਨ੍ਹਾਂ ਕਿਹਾ ਕਿ ਸੈਂਕੜਿਆਂ ਲੋਕਾਂ ਤੋਂ ਸ਼ੁਰੂ ਹੋਈ ਇਹ ਭਾਸ਼ਾ ਅੱਜ ਕਰੋੜਾਂ ਲੋਕਾਂ ਦੀ ਭਾਸ਼ਾ ਬਣ ਚੁੱਕੀ ਹੈ ਅਤੇ ਇਹ ਭਵਿੱਖ ਵਿੱਚ ਹੋਰ ਤਰੱਕੀ ਕਰੇਗੀ। ਉਨ੍ਹਾਂ ਦਾ ਮੰਨਣਾ ਸੀ ਕਿ ਪੰਜਾਬੀ ਭਾਸ਼ਾ ਦੇ ਖ਼ਤਮ ਹੋਣ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ।

ਪ੍ਰਧਾਨਗੀ ਭਾਸ਼ਣ ਦੌਰਾਨ ਸ਼ਿਵਚਰਨ ਜੱਗੀ ਕੁੱਸਾ ਨੇ ਕਿਹਾ ਕਿ ਕਾਨਫਰੰਸ ਵਿੱਚ ਹੋਈ ਗੰਭੀਰ ਚਰਚਾ ਇਸ ਗੱਲ ਦਾ ਪ੍ਰਮਾਣ ਹੈ ਕਿ ਆਪਣੇ ਪੰਜਾਬੀ ਲੋਕਾਂ ਨੂੰ ਆਪਣੀ ਭਾਸ਼ਾ ਨਾਲ ਡੂੰਘਾ ਪਿਆਰ ਵੀ ਹੈ ਅਤੇ ਇਸ ਦੇ ਭਵਿੱਖ ਪ੍ਰਤੀ ਚਿੰਤਾ ਵੀ। ਉਨ੍ਹਾਂ ਕਿਹਾ ਕਿ ਪੰਜਾਬੀ ਸਮਾਜ ਸਿਰਫ਼ ਚਿੰਤਤ ਹੀ ਨਹੀਂ, ਸਗੋਂ ਆਪਣੀ ਭਾਸ਼ਾ ਬਾਰੇ ਚਿੰਤਨ ਕਰਨ ਦੀ ਸਮਰੱਥਾ ਵੀ ਰੱਖਦਾ ਹੈ। ਉਨ੍ਹਾਂ ਪੰਜਾਬੀ ਭਾਸ਼ਾ ਦੇ ਨਾਮ 'ਤੇ ਅਹੁਦੇ ਸੰਭਾਲਣ ਵਾਲਿਆਂ ਵੱਲੋਂ ਭਾਸ਼ਾ ਪ੍ਰਤੀ ਲੋੜੀਂਦੀ ਸੁਹਿਰਦਤਾ ਨਾ ਦਿਖਾਉਣ 'ਤੇ ਵੀ ਸਖ਼ਤ ਟਿੱਪਣੀ ਕੀਤੀ। ਉਨ੍ਹਾਂ ਕਿਹਾ ਕਿ ਅਸੀਂ ਮੁੱਦੇ ਉਠਾਉਣ ਅਤੇ ਚਰਚਾ ਕਰਨ ਵਿੱਚ ਤਾਂ ਅੱਗੇ ਹਾਂ, ਪਰ ਉਨ੍ਹਾਂ ਦੇ ਠੋਸ ਹੱਲ ਲਈ ਲਗਾਤਾਰ ਯਤਨ ਕਰਨ ਦੀ ਲੋੜ ਹੈ।

ਕਾਨਫਰੰਸ ਦੇ ਸਮਾਪਤੀ ਸਮਾਰੋਹ ਦੌਰਾਨ ਮਨਜੀਤ ਸਿੰਘ ਚਹਿਲ ਵੱਲੋਂ ਲਿਖੇ ਅਤੇ ਹਸਨਵੀਰ ਚਹਿਲ ਵੱਲੋਂ ਗਾਏ ਗੀਤ 'ਅਮਰੀਕਾ ਤੇਰੀ ਜੈ ਹੋਵੇ' ਦਾ ਸੰਗੀਤਕ ਅੰਦਾਜ਼ ਵਿੱਚ ਰਿਲੀਜ਼ ਸਮਾਰੋਹ ਕੀਤਾ ਗਿਆ। ਇਸ ਤੋਂ ਇਲਾਵਾ ਰਾਜ ਕੌਰ ਦੀ ਪੁਸਤਕ 'ਰੌਸ਼ਨ ਪਰ੍ਛਾਵੇਂ', ਦਲਬੀਰ ਕੌਰ ਬਿੰਦੂ ਦੀ 'ਮਨਾਉਂਦਾ ਰੇ', ਸੋਹਣ ਸਿੰਘ ਪੂਨੀ ਦੀ 'ਅਮਰੀਕਾ ਦੇ ਗਦਰੀ ਯੋਧੇ' ਅਤੇ 'ਗੁਜਰਾਂਵਾਲਾ ਕਾਲਜ ਦਾ ਇਤਿਹਾਸ' ਸਮੇਤ ਕਈ ਪੁਸਤਕਾਂ ਵੀ ਰਿਲੀਜ਼ ਕੀਤੀਆਂ ਗਈਆਂ।

ਕਾਨਫਰੰਸ ਦੀ ਸਫਲਤਾ ਦਾ ਸਿਹਰਾ ਪੰਜਾਬੀ ਲਿਖਾਰੀ ਸਭਾ ਸਿਆਟਲ ਦੀ ਮਿਹਨਤੀ ਟੀਮ ਨੂੰ ਜਾਂਦਾ ਹੈ। ਇਸ ਵਿੱਚ ਸਭਾ ਦੇ ਪ੍ਰਧਾਨ ਕਰਨੈਲ ਸਿੰਘ ਕੈਲ, ਜਨਰਲ ਸਕੱਤਰ ਗੁਰਪ੍ਰੀਤ ਸਿੰਘ, ਡਾ. ਸੁਖਵੀਰ ਬੀਹਲਾ, ਮਲਕੀਤ ਸਿੰਘ ਗਿੱਲ, ਰਣਜੀਤ ਸਿੰਘ ਮੱਲ੍ਹੀ, ਹਰਿੰਦਰਪਾਲ ਸਿੰਘ ਬੈਂਸ, ਹਰਪਾਲ ਸਿੱਧੂ, ਹਰਦਿਆਲ ਸਿੰਘ ਚੀਮਾ, ਅਮਰਜੀਤ ਸਿੰਘ ਤਰਸਿੱਕਾ, ਅਵਤਾਰ ਸਿੰਘ ਆਦਮਪੁਰੀ, ਮਨਜੀਤ ਕੌਰ ਗਿੱਲ ਅਤੇ ਸਰਬਜੀਤ ਸਿੰਘ ਨੂਰ ਦੇ ਨਾਮ ਵਿਸ਼ੇਸ਼ ਤੌਰ 'ਤੇ ਜ਼ਿਕਰਯੋਗ ਹਨ।
ਸਭਾ ਦੀਆਂ ਨਾਮਵਰ ਸ਼ਖ਼ਸੀਅਤਾਂ ਬਲਬੀਰ ਸਿੰਘ ਲਹਿਰਾ, ਜਗੀਰ ਸਿੰਘ, ਜਸਵੀਰ ਸਿੰਘ ਸਹੋਤਾ, ਸ਼ਿੰਦਰਪਾਲ ਔਜਲਾ, ਸਤਨਾਮ ਸਿੰਘ ਚੀਨ੍ਹੂੰ, ਰਾਜਿੰਦਰ ਕੌਰ, ਯਸ਼ ਸਾਥੀ, ਸੁਰਿੰਦਰ ਕੌਰ ਅਤੇ ਜਸਵੰਤ ਸਿੰਘ ਧਾਲੀਵਾਲ ਨੇ ਵੀ ਕਾਨਫਰੰਸ ਵਿੱਚ ਹਾਜ਼ਰੀ ਭਰ ਕੇ ਪ੍ਰਬੰਧਕਾਂ ਦੀ ਹੌਸਲਾ ਅਫ਼ਜ਼ਾਈ ਕੀਤੀ। ਪ੍ਰਸਿੱਧ ਨਾਵਲਕਾਰ ਅਵਤਾਰ ਸਿੰਘ ਬਿਲਿੰਗ ਵੀ ਵਿਸ਼ੇਸ਼ ਤੌਰ ਤੇ ਸ਼ਾਮਿਲ ਹੋਏ ਅਤੇ ਸਭਾ ਦੀ ਮਿਹਨਤੀ ਟੀਮ ਨੂੰ ਕਾਨਫਰੰਸ ਦੀ ਸਫਲਤਾ ਲਈ ਤਹਿ ਦਿਲੋਂ ਵਧਾਈ ਦਿੱਤੀ।

ਪੰਜਾਬੀ ਲਿਖਾਰੀ ਸਭਾ ਦੇ ਉਪਰਾਲਿਆਂ ਨੂੰ ਉਤਸ਼ਾਹਿਤ ਕਰਨ ਲਈ ਦਯਾਬੀਰ ਸਿੰਘ (ਪਿੰਟੂ ਬਾਠ), ਜਗਵਿੰਦਰ ਸਿੰਘ ਬਰਾੜ, ਯਸ਼ ਸਾਥੀ, ਕਮਲਦੀਪ ਸਿੰਘ ਬਾਸੀ, ਡਾ. ਹਰਚੰਦ ਸਿੰਘ, ਬਲਬੀਰ ਸਿੰਘ ਲਹਿਰਾ, ਸ਼ਿੰਦਰਪਾਲ ਔਜਲਾ, ਜਸਵੀਰ ਸਹੋਤਾ, ਭੁਪਿੰਦਰ ਸਿੰਘ ਢੱਡਾ, ਹਰਦੀਪ ਸਿੰਘ ਗਿੱਲ ਅਤੇ ਡਾ. ਸੁਖਵਿੰਦਰ ਬੁੱਟਰ ਵੱਲੋਂ ਆਰਥਿਕ ਸਹਾਇਤਾ ਦਿੱਤੀ ਗਈ। ਇਸ ਸਹਿਯੋਗ ਨੇ ਸਭਾ ਦੇ ਮੈਂਬਰਾਂ ਨੂੰ ਭਵਿੱਖ ਵਿੱਚ ਹੋਰ ਉਤਸ਼ਾਹ ਅਤੇ ਸਮਰਪਣ ਨਾਲ ਕੰਮ ਕਰਨ ਲਈ ਪ੍ਰੇਰਿਤ ਕੀਤਾ। ਇਲਾਕੇ ਦੀਆਂ ਪਤਵੰਤੀ ਸ਼ਖ਼ਸੀਅਤਾਂ ਦੀ ਹਾਜ਼ਰੀ ਜਿਨ੍ਹਾਂ ਵਿਚ ਸਭਾ ਦੇ ਸਹਿਯੋਗੀ ਅਮਰੀਕ ਸਿੰਘ ਰੰਧਾਵਾ, ਸਨਮੋਹਣ ਸਿੰਘ ਸੋਢੀ, ਬਲਜੀਤ ਸਿੰਘ ਸੈਂਹਬੀ, ਕੈਂਟ ਸਿਟੀ ਕੌਂਸਲ ਦੀ ਪ੍ਰੈਜ਼ੀਡੈਂਟ ਸਤਵਿੰਦਰ ਕੌਰ, ਕੈਂਟ ਸਿਟੀ ਕੌਂਸਲ ਦੀ ਮੈਂਬਰ ਸ਼ਰਨ ਸੇ਼ਕਰ ਅਤੇ ਇੱਥੋਂ ਦੀਆਂ ਹੋਰ ਨਾਮਵਰ ਸ਼ਖ਼ਸੀਅਤਾਂ ਦੀ ਵੱਡੀ ਗਿਣਤੀ ਨੇ ਵੀ ਇਹ ਸੰਦੇਸ਼ ਦਿੱਤਾ ਕਿ ਭਾਈਚਾਰਾ ਉਸਾਰੂ ਅਤੇ ਸੱਭਿਆਚਾਰਕ ਕਾਰਜਾਂ ਦੇ ਨਾਲ ਖੜ੍ਹਾ ਹੈ।

ਕਾਨਫਰੰਸ ਦੀ ਇੱਕ ਮਹੱਤਵਪੂਰਨ ਪ੍ਰਾਪਤੀ ਇਹ ਰਹੀ ਕਿ ਇਸ ਨੇ ਸਿਆਟਲ ਖੇਤਰ ਵਿੱਚ ਜੰਮੇ-ਪਲੇ ਬੱਚਿਆਂ ਅਤੇ ਨੌਜਵਾਨਾਂ ਨੂੰ ਪੰਜਾਬੀ ਭਾਸ਼ਾ ਅਤੇ ਸੱਭਿਆਚਾਰ ਨਾਲ ਜੋੜਨ ਦਾ ਸਫਲ ਉਪਰਾਲਾ ਕੀਤਾ। ਕਾਨਫਰੰਸ ਵਿੱਚ ਬੋਲਦਿਆਂ ਨੌਜਵਾਨ ਗੁਰਮਤ ਸਿੰਘ ਧਾਲੀਵਾਲ ਨੇ ਕਿਹਾ ਕਿ ਇਸ ਤਰ੍ਹਾਂ ਦੇ ਸਮਾਗਮ ਬੱਚਿਆਂ ਅਤੇ ਨੌਜਵਾਨਾਂ ਲਈ ਬਹੁਤ ਜ਼ਰੂਰੀ ਹਨ। ਉਨ੍ਹਾਂ ਕਿਹਾ ਕਿ ਅਜਿਹੇ ਪ੍ਰੋਗਰਾਮਾਂ ਰਾਹੀਂ ਨਵੀਂ ਪੀੜ੍ਹੀ ਨੂੰ ਪੰਜਾਬੀ ਨਾਲ ਜੋੜ ਕੇ ਭਾਸ਼ਾ ਦਾ ਮਜ਼ਬੂਤ ਭਵਿੱਖ ਤਿਆਰ ਕੀਤਾ ਜਾ ਸਕਦਾ ਹੈ।
ਗੁਰਦੁਆਰਾ ਸਿੰਘ ਸਭਾ ਰੈਂਟਨ ਵਿਖੇ ਚੱਲ ਰਹੇ ਗੁਰਮਤਿ ਖਾਲਸਾ ਸਕੂਲ ਦੇ ਪ੍ਰਿੰਸੀਪਲ ਸਰਦਾਰ ਈਸ਼ਰ ਸਿੰਘ ਗਰਚਾ ਦੀ ਅਗਵਾਈ ਵਿੱਚ ਇਸ ਸਕੂਲ ਨਾਲ ਜੁੜੀਆਂ ਬੱਚੀਆਂ ਰਮਨੀਤ ਕੌਰ ਅਤੇ ਜੰਨਤ ਕੌਰ ਨੇ ਵੀ ਮੰਚ ਤੋਂ ਆਪਣੀ ਪੇਸ਼ਕਾਰੀ ਦਿੱਤੀ। ਬੱਚਿਆਂ ਦੀ ਇਸ ਸ਼ਮੂਲੀਅਤ ਨੇ ਕਾਨਫਰੰਸ ਨੂੰ ਹੋਰ ਵੀ ਅਰਥਪੂਰਨ ਬਣਾਇਆ ਅਤੇ ਇਹ ਉਮੀਦ ਜਗਾਈ ਕਿ ਪਰਵਾਸ ਵਿੱਚ ਪੰਜਾਬੀ ਦੀ ਅਗਲੀ ਪੀੜ੍ਹੀ ਨਾਲ ਸਾਂਝ ਹੋਰ ਮਜ਼ਬੂਤ ਹੋ ਸਕਦੀ ਹੈ।

ਅੰਤ ਵਿੱਚ ਸਭਾ ਦੇ ਸਰਪ੍ਰਸਤ ਕਮਾਂਡਰ ਹਰਦਿਆਲ ਸਿੰਘ ਚੀਮਾ, ਅਵਤਾਰ ਸਿੰਘ ਆਦਮਪੁਰੀ ਅਤੇ ਮਨਜੀਤ ਕੌਰ ਗਿੱਲ ਨੇ ਕਾਨਫਰੰਸ ਵਿੱਚ ਪਹੁੰਚੇ ਸਾਰੇ ਮਹਿਮਾਨਾਂ, ਬੁਲਾਰਿਆਂ, ਸਹਿਯੋਗੀਆਂ ਅਤੇ ਹਾਜ਼ਰੀਨ ਦਾ ਧੰਨਵਾਦ ਕੀਤਾ ਅਤੇ ਉਨ੍ਹਾਂ ਨੂੰ ਸਨਮਾਨ-ਚਿੰਨ੍ਹ ਭੇਂਟ ਕੀਤੇ। ਉਨ੍ਹਾਂ ਕਿਹਾ ਕਿ ਪੰਜਾਬੀ ਭਾਸ਼ਾ, ਸਾਹਿਤ ਅਤੇ ਸੱਭਿਆਚਾਰ ਨੂੰ ਪਰਵਾਸ ਵਿੱਚ ਮਜ਼ਬੂਤ ਕਰਨ ਲਈ ਅਜਿਹੇ ਉਪਰਾਲੇ ਭਵਿੱਖ ਵਿੱਚ ਵੀ ਜਾਰੀ ਰਹਿਣਗੇ।

ਸਮੁੱਚੇ ਤੌਰ 'ਤੇ, ਇਹ ਕਾਨਫਰੰਸ ਪੰਜਾਬੀ ਭਾਸ਼ਾ ਦੀਆਂ ਚੁਣੌਤੀਆਂ 'ਤੇ ਚਰਚਾ ਕਰਨ ਦੇ ਨਾਲ-ਨਾਲ ਇਸ ਦੇ ਭਵਿੱਖ ਲਈ ਆਸ, ਸੰਭਾਵਨਾ ਅਤੇ ਸਾਂਝੇ ਯਤਨਾਂ ਦਾ ਸੁਨੇਹਾ ਦੇਣ ਵਿੱਚ ਸਫਲ ਰਹੀ। ਖ਼ਾਸ ਕਰਕੇ ਨਵੀਂ ਪੀੜ੍ਹੀ ਦੀ ਸ਼ਮੂਲੀਅਤ ਨੇ ਇਹ ਸੰਦੇਸ਼ ਹੋਰ ਮਜ਼ਬੂਤ ਕੀਤਾ ਕਿ ਪਰਵਾਸ ਵਿੱਚ ਪੰਜਾਬੀ ਦਾ ਭਵਿੱਖ ਸਿਰਫ਼ ਚਿੰਤਾ ਦਾ ਨਹੀਂ, ਸਗੋਂ ਸਾਂਝੀ ਕੋਸ਼ਿਸ਼ ਨਾਲ ਸੰਭਾਲਣ ਅਤੇ ਸੰਵਾਰਨ ਦਾ ਵਿਸ਼ਾ ਹੈ।

## ਯੂਰਪੀ ਪੰਜਾਬੀ ਲੇਖਕਾਂ ਨੇ ਸਾਉਣ ਭਾਦੋਂ ਦੇ ਤਿਉਹਾਰਾਂ ਨੂੰ ਸਮਰਪਿਤ ਕਵੀ ਦਰਬਾਰ ਵਿੱਚ ਲਾਈਆਂ ਰੌਣਕਾਂ

### ਇਟਲੀ ,ਫਰਾਂਸ ,ਜਰਮਨੀ ,ਡੈਨਮਾਰਕ , ਬੈਲਜੀਅਮ ਅਤੇ ਬਰਤਾਨੀਆਂ ਦੇ ਕਲਮਕਾਰਾਂ ਨੇ ਭਰੀ ਹਾਜ਼ਰੀ




ਇਟਲੀ 27 ਅਗਸਤ : ਪਿਛਲੇ ਦਿਨੀਂ ਯੂਰਪੀ ਪੰਜਾਬੀ ਸਾਹਿਤ ਅਕਾਦਮੀ ਅਤੇ ਸਾਹਿਤ ਸੁਰ ਸੰਗਮ ਸਭਾ ਇਟਲੀ ਵੱਲੋਂ ਸਾਉਣ-ਭਾਦੋਂ ਦੇ ਪਰੰਪਰਿਕ ਤਿਓਹਾਰਾਂ ਨੂੰ ਸਮਰਪਿਤ ਕਵੀ ਦਰਬਾਰ ਦਾ ਆਯੋਜਨ ਕੀਤਾ ਗਿਆ,ਜਿਸ ਵਿੱਚ ਇਟਲੀ, ਫਰਾਂਸ, ਜਰਮਨੀ, ਡੈਨਮਾਰਕ, ਬੈਲਜੀਅਮ ਅਤੇ ਬਰਤਾਨੀਆਂ ਦੇ ਪੰਜਾਬੀ ਕਲਮਕਾਰਾਂ ਨੇ ਸ਼ਮੂਲੀਅਤ ਕੀਤੀ। ਜ਼ੂਮ ਦੇ ਮਾਧੀਅਮ ਰਾਹੀਂ ਹੋਏ ਇਸ ਆਨਲਾਇਨ ਕਵੀ ਦਰਬਾਰ ਵਿੱਚ ਕੁਲਵੰਤ ਕੌਰ ਢਿਲੋਂ ਪ੍ਰਧਾਨ ਸਾਊਥਹਾਲ ਕਲਾ ਕੇਂਦਰ ਅਤੇ ਡਾ ਸੁਰਿੰਦਰ ਕੌਰ ਨਰੂਲਾ ਵਿਸ਼ੇਸ਼ ਮਹਿਮਾਨ ਵਜੋਂ ਸ਼ਾਮਿਲ ਹੋਏ।

ਸਮਾਗਮ ਦੀ ਸ਼ੁਰੂਆਤ ਅਕਾਦਮੀ ਦੇ ਮੁੱਖ ਸਲਾਹਕਾਰ ਪ੍ਰੋ ਜਸਪਾਲ ਸਿੰਘ ਇਟਲੀ ਵੱਲੋਂ ਸਾਰਿਆਂ ਨੂੰ ਜੀ ਆਇਆਂ ਆਖਦਿਆਂ ਕੀਤੀ ਗਈ। ਉਪਰੰਤ ਸ਼ਾਮਿਲ ਸਾਰੇ ਕਲਮਕਾਰਾਂ ਨੂੰ ਸੰਚਾਲਕ ਦਲਜਿੰਦਰ ਸਿੰਘ ਰਹਿਲ ਅਤੇ ਜਸਵਿੰਦਰ ਕੌਰ ਮਿੰਟੂ ਦੁਆਰਾ ਆਪੋ ਆਪਣੀ ਰਚਨਾ ਸਾਂਝੀ ਕਰਨ ਦਾ ਸੱਦਾ ਦਿੱਤਾ ਗਿਆ। ਜਿਨ੍ਹਾਂ ਵਿੱਚ ਜ਼ਫ਼ਰ ਅਵਾਨ ਡੈਨਮਾਰਕ, ਪ੍ਰੇਮ ਪਾਲ ਸਿੰਘ ਇਟਲੀ, ਆਰਤੀ ਬਕਸ਼ੀ ਇਟਲੀ, ਨਛੱਤਰ ਭੋਗਲ ਯੂ ਕੇ, ਮੁਮਤਾਜ ਮਲਿਕ ਫਰਾਂਸ, ਨੀਲੂ ਜਰਮਨੀ, ਨਰਿੰਦਰ ਪੰਨੂ, ਜੀਤ ਸੁਰਜੀਤ ਬੈਲਜੀਅਮ, ਜਗਤਾਰ ਸਿੰਘ ਇਟਲੀ ਅਤੇ ਪ੍ਰੋ ਜਸਪਾਲ ਸਿੰਘ ਇਟਲੀ ਨੇ ਰਚਨਾਵਾਂ ਸਾਂਝੀਆਂ ਕੀਤੀਆਂ। ਇਸ ਦੌਰਾਨ ਵਿਸ਼ੇਸ਼ ਤੌਰ ਤੇ ਸ਼ਾਮਿਲ ਹੋਏ ਡਾ ਸੁਰਿੰਦਰ ਕੌਰ ਨਰੂਲਾ ਅਤੇ ਕੁਲਵੰਤ ਕੌਰ ਢਿਲੋਂ ਯੂ ਕੇ ਇਹਨਾਂ ਤਿਓਹਾਰਾਂ ਦਾ ਸਮਾਜਿਕ, ਧਾਰਮਿਕ, ਪ੍ਰਕਿਰਤਿਕ ਅਤੇ ਪ੍ਰੀਵਾਰਿਕ ਪੱਖ ਪੇਸ਼ ਕਰਦਿਆਂ ਅਜੋਕੇ ਸੰਦਰਭ ਵਿੱਚ ਇਹਨਾਂ ਦੀ ਮਹੱਤਤਾ ਦੀ ਗੱਲ ਕੀਤੀ ਅਤੇ ਵਿਦੇਸ਼ੀ ਧਰਤੀਆਂ ਤੇ ਹੋ ਰਹੇ ਅਜਿਹੇ ਸਮਾਗਮਾਂ ਨੂੰ ਪੰਜਾਬ , ਪੰਜਾਬੀ ਅਤੇ ਪੰਜਾਬੀਅਤ ਲਈ ਸ਼ੁੱਭ ਸ਼ਗਨ ਦੱਸਿਆ।

ਅੰਤ ਵਿੱਚ ਸਾਹਿਤ ਸੁਰ ਸੰਗਮ ਸਭਾ ਇਟਲੀ ਦੇ ਪ੍ਰਧਾਨ ਮੇਜ਼ਰ ਸਿੰਘ ਖੱਖ ਵਲੋਂ ਸਾਰਿਆਂ ਦਾ ਧੰਨਵਾਦ ਕਰਦਿਆਂ ਆਪਣੀ ਰਚਨਾ ਸਾਂਝੀ ਕੀਤੀ ਗਈ।

## ਪੰਜਾਬੀ ਖਿੱਤਾ ਬਹੁਤ ਸਾਰੀਆਂ ਭਾਸ਼ਾਵਾਂ ਦਾ ਪੰਘੂੜਾ- ਜਸਵੰਤ ਸਿੰਘ ਜ਼ਫ਼ਰ

### ਭਾਸ਼ਾ ਵਿਭਾਗ ਪੰਜਾਬ ਨੇ ਮਨਾਇਆ ਸੰਸਕ੍ਰਿਤ ਦਿਵਸ



ਪਟਿਆਲਾ 27 ਅਗਸਤ:ਭਾਸ਼ਾ ਵਿਭਾਗ ਪੰਜਾਬ ਨੇ ਇੱਥੇ ਭਾਸ਼ਾ ਭਵਨ ਦੇ ਸੈਮੀਨਾਰ ਹਾਲ ਵਿਖੇ ਸੰਸਕ੍ਰਿਤ ਦਿਵਸ ਮਨਾਇਆ। ਜਿਸ ਦੌਰਾਨ ਵੱਖ-ਵੱਖ ਵਿਦਵਾਨਾਂ ਨੇ ਵਿਚਾਰ ਪੇਸ਼ ਕੀਤੇ ਅਤੇ ਕਵੀਸ਼ਰੀ ਜਥੇ ਨੇ ਗਾਇਨ ਨਾਲ ਸਮਾਗਮ ਨੂੰ ਵਿਲੱਖਣਤਾ ਪ੍ਰਦਾਨ ਕੀਤੀ। ਸ਼੍ਰੋਮਣੀ ਸੰਸਕ੍ਰਿਤ ਸਾਹਿਤਕਾਰ ਡਾ. ਮਹੇਸ਼ ਚੰਦਰ ਸ਼ਰਮਾ ਗੌਤਮ ਨੇ ਸਮਾਗਮ ਦੀ ਪ੍ਰਧਾਨਗੀ ਕੀਤੀ ਅਤੇ ਸੰਸਕ੍ਰਿਤ ਭਾਰਤੀ ਦੇ ਉੱਤਰੀ ਭਾਰਤ ਖੇਤਰ ਦੇ ਕੋਆਰਡੀਨੇਟਰ ਸ੍ਰੀ ਨਰੇਂਦਰ ਕੁਮਾਰ ਨੇ ਮੁੱਖ ਵਕਤਾ ਵਜੋਂ ਵਿਚਾਰ ਪੇਸ਼ ਕੀਤੇ। ਉੱਘੇ ਕਵੀਸ਼ਰ ਭੀਮ ਸਿੰਘ ਮੌੜਾਂ ਵਾਲਿਆਂ ਨੇ ਕਾਵਿ ਗਾਇਨ ਕੀਤਾ।

ਡਾਇਰੈਕਟਰ ਭਾਸ਼ਾ ਵਿਭਾਗ ਸ. ਜਸਵੰਤ ਸਿੰਘ ਜ਼ਫ਼ਰ ਨੇ ਸਵਾਗਤੀ ਭਾਸ਼ਨ ਦੌਰਾਨ ਕਿਹਾ ਕਿ ਪੰਜਾਬੀ ਖਿੱਤਾ ਭਾਸ਼ਾਵਾਂ ਦਾ ਪੰਘੂੜਾ ਹੈ। ਜਿੱਥੇ ਪੰਜਾਬੀ, ਹਿੰਦੀ, ਉਰਦੂ ਤੇ ਸੰਸਕ੍ਰਿਤ ਸਮੇਤ ਬਹੁਤ ਸਾਰੀਆਂ ਭਾਸ਼ਾਵਾਂ ਪ੍ਰਫੁੱਲਤ ਹੋਈਆਂ ਤੇ ਪ੍ਰਵਾਨ ਚੜ੍ਹੀਆਂ। ਇਨ੍ਹਾਂ ਭਾਸ਼ਾਵਾਂ 'ਚੋਂ ਪੁਰਾਤਨ ਹੋਣ ਕਰਕੇ ਸੰਸਕ੍ਰਿਤ ਦਾ ਸਥਾਨ ਨਾਨੀ ਵਰਗਾ ਹੈ। ਉਨ੍ਹਾਂ ਕਿਹਾ ਕਿ ਸਾਨੂੰ ਮਾਣ ਹੋਣਾ ਚਾਹੀਦਾ ਹੈ ਕਿ ਦੁਨੀਆ ਦਾ ਪਹਿਲਾ ਸਾਹਿਤ ਰਿਗਵੇਦ ਦੇ ਰੂਪ 'ਚ ਸਾਡੀ ਧਰਤੀ 'ਤੇ ਸੰਸਕ੍ਰਿਤ ਭਾਸ਼ਾ 'ਚ ਸਿਰਜਿਆ ਗਿਆ। ਦੁਨੀਆ ਦੇ ਸਰਬ ਪ੍ਰਵਾਨਿਤ ਗ੍ਰੰਥ ਸ੍ਰੀ ਗੁਰੂ ਗ੍ਰੰਥ ਸਾਹਿਬ 'ਚ ਵੀ ਸੰਸਕ੍ਰਿਤ ਦੀ ਸ਼ਬਦਾਵਲੀ ਵੱਡੀ ਮਾਤਰਾ 'ਚ ਵਰਤੀ ਗਈ ਹੈ। ਜਿਸ ਤੋਂ ਸੰਸਕ੍ਰਿਤ ਭਾਸ਼ਾ ਦੇ ਸਥਾਨ ਬਾਰੇ ਸਹਿਜੇ ਹੀ ਅੰਦਾਜ਼ਾ ਲਗਾਇਆ ਜਾ ਸਕਦਾ ਹੈ। ਇਸ ਕਰਕੇ ਕਿਹਾ ਜਾ ਸਕਦਾ ਹੈ ਕਿ ਸਾਡੇ ਪੁਰਖਿਆਂ ਨੇ ਸੰਸਾਰ ਨੂੰ ਵਿਦਿਆ ਤੇ ਸਿਆਣਪ ਪ੍ਰਦਾਨ ਕੀਤੀ। ਅਫਸੋਸ ਦੀ ਗੱਲ ਇਹ ਹੈ ਕਿ ਇਸ ਖਿੱਤੇ ਦੀਆਂ ਭਾਸ਼ਾਵਾਂ ਨੂੰ ਸਿਆਸਤ ਨੇ ਵੰਡ ਪਾਉਣ ਲਈ ਵਰਤਿਆ।

ਵਕਤਾ ਸ੍ਰੀ ਨਰੇਂਦਰ ਕੁਮਾਰ ਨੇ ਕਿਹਾ ਕਿ ਕਿਸੇ ਵੀ ਰਾਸ਼ਟਰ ਦੀ ਸਿਰਜਣਾ ਤੇ ਹੋਂਦ ਦਾ ਅਧਾਰ ਉੱਥੇ ਦੀ ਭਾਸ਼ਾ, ਸੰਸਕ੍ਰਿਤੀ ਤੇ ਭੂਮੀ ਨੂੰ ਮੰਨਿਆ ਜਾਂਦਾ ਹੈ। ਸਾਨੂੰ ਮਾਣ ਹੈ ਕਿ ਸਾਡੇ ਕੋਲ ਸੰਸਕ੍ਰਿਤ ਵਰਗੀ ਭਾਸ਼ਾ ਹੈ, ਰਿਸ਼ੀਆਂ-ਮੁਨੀਆਂ ਵਾਲੀ ਸੰਸਕ੍ਰਿਤੀ ਤੇ ਮਹਾਂਪੁਰਖਾਂ ਦੀ ਵਰਸੋਈ ਭੂਮੀ ਹੈ। ਉਨ੍ਹਾਂ ਕਿਹਾ ਦੁਨੀਆ ਦੇ ਬਹੁਤ ਸਾਰੇ ਮੁਲਕਾਂ ਦੀ ਉਪਰੋਕਤ ਤਿੰਨ ਚੀਜ਼ਾਂ ਦੀ ਸੰਭਾਲ ਤੇ ਪਹਿਚਾਣ ਨਾ ਹੋਣ ਕਰਕੇ ਹੋਂਦ ਖਤਮ ਹੋ ਗਈ ਜਾਂ ਖਤਰੇ 'ਚ ਪੈ ਗਈ। ਉਨ੍ਹਾਂ ਕਿਹਾ ਕਿ ਭਾਰਤ ਦੀਆਂ ਬਹੁਤ ਸਾਰੀਆਂ ਭਾਸ਼ਾਵਾਂ ਦੀਆਂ ਜੜ੍ਹਾਂ ਸੰਸਕ੍ਰਿਤ 'ਚ ਹਨ, ਭਾਸ਼ਾਵਾਂ ਨੂੰ ਸਮਝਣ ਲਈ ਸੰਸਕ੍ਰਿਤ ਭਾਸ਼ਾ ਨੂੰ ਸਮਝਣਾ ਬਹੁਤ ਜ਼ਰੂਰੀ ਹੈ। ਉਨ੍ਹਾਂ ਕਿਹਾ ਕਿ ਸਾਡੇ ਦੇਸ਼ ਦੇ ਜਿਆਦਾਤਰ ਸੂਬਿਆਂ ਦੀ ਪਹਿਚਾਣ ਉਨ੍ਹਾਂ ਦੀ ਭਾਸ਼ਾ ਤੋਂ ਬਣੀ ਹੋਈ ਹੈ, ਜੋ ਦੇਸ਼ ਦੀ ਵੰਨ-ਸੁਵੰਨਤਾ ਦਾ ਪ੍ਰਮਾਣ ਹੈ।

ਇਸ ਮੌਕੇ ਨਾਮਵਰ ਕਵੀਸ਼ਰ ਭੀਮ ਸਿੰਘ ਮੌੜਾਂ ਵਾਲਿਆਂ ਦੇ ਜਥੇ ਨੇ ਸੰਸਕ੍ਰਿਤ 'ਚ ਵੰਦਨਾ ਗਾ ਕੇ ਸ਼ੁਰੂਆਤ ਕੀਤੀ। ਫਿਰ ਸਾਡੇ ਸੰਸਕ੍ਰਿਤ ਦੇ ਆਦਿ ਸਾਹਿਤ ਵਿੱਚ ਪ੍ਰਾਪਤ ਬੋਧ ਦੇ ਅਧਾਰਤ ਕਵੀਸ਼ਰੀਆਂ ਪੇਸ਼ ਕੀਤੀਆਂ। 'ਪਰਉਪਕਾਰ ਕਰਨ ਲਈ ਬੇਟੇ ਤੂੰ ਦੁਨੀਆ 'ਤੇ ਆਇਆ' ਤੇ ਰੁੱਖੀਆਂ ਨਾ ਖਾਈ, ਚੋਪੜ ਕੇ ਖਾਈ' ਆਦਿ ਕਵਿਤਾਵਾਂ ਰਾਹੀਂ ਸਮਾਗਮ ਨੂੰ ਸਿਖ਼ਰ 'ਤੇ ਪਹੁੰਚਾ ਦਿੱਤਾ। ਆਪਣੇ ਪ੍ਰਧਾਨਗੀ ਭਾਸ਼ਨ 'ਚ ਡਾ. ਮਹੇਸ਼ ਚੰਦਰ ਸ਼ਰਮਾ ਗੌਤਮ ਨੇ ਕਿਹਾ ਕਿ ਇਸ ਸਮੇਂ ਸੰਸਕ੍ਰਿਤ ਭਾਸ਼ਾ ਸਾਡੇ ਦੇਸ਼ 'ਚ ਬਹੁਤ ਪ੍ਰਫੁੱਲਤ ਹੋ ਰਹੀ ਹੈ ਭਾਵ ਆਪਣੇ ਸੁਨਹਿਰੀ ਦੌਰ 'ਚੋਂ ਗੁਜ਼ਰ ਰਹੀ ਹੈ। ਉਨ੍ਹਾਂ ਭਾਸ਼ਾ ਵਿਭਾਗ ਵੱਲੋਂ ਸੰਸਕ੍ਰਿਤ ਭਾਸ਼ਾ ਦੇ ਵਿਕਾਸ ਲਈ ਕੀਤੇ ਜਾ ਰਹੇ ਕਾਰਜਾਂ ਦੀ ਸ਼ਲਾਘਾ ਵੀ ਕੀਤੀ। ਉਨ੍ਹਾਂ ਕਿਹਾ ਕਿ ਸੰਸਕ੍ਰਿਤ ਦਾ ਪੰਜਾਬੀ ਭਾਸ਼ਾ ਨਾਲ ਨੇੜਲਾ ਸਬੰਧ ਹੈ। ਜਿਸ ਦਾ ਪ੍ਰਮਾਣ ਇਸ ਗੱਲ ਤੋਂ ਮਿਲਦਾ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਸਮਝਣ ਲਈ ਸੰਸਕ੍ਰਿਤ ਦਾ ਗਿਆਨ ਹੋਣਾ ਲਾਜ਼ਮੀ ਹੈ।

ਸ੍ਰੀ ਪ੍ਰਾਣ ਸੱਭਰਵਾਲ ਨੇ ਆਪਣੀਆਂ ਸਰਗਰਮੀਆਂ ਅਤੇ ਪੜ੍ਹਾਈ ਵਿੱਚ ਸੰਸਕ੍ਰਿਤ ਦੇ ਹਿੱਸੇ ਬਾਰੇ ਦਿਲਚਸਪ ਗੱਲਾਂ ਕੀਤੀਆਂ। ਅਖ਼ੀਰ ਵਿੱਚ ਸਾਰੇ ਮਹਿਮਾਨਾਂ ਤੇ ਕਵੀਸ਼ਰੀ ਜਥੇ ਦਾ ਵਿਭਾਗੀ ਸ਼ਾਲਾਂ ਤੇ ਪੁਸਤਕਾਂ ਨਾਲ ਸਨਮਾਨ ਕੀਤਾ ਗਿਆ। ਡਿਪਟੀ ਡਾਇਰੈਕਟਰ ਆਲੋਕ ਚਾਵਲਾ ਨੇ ਸਭ ਦਾ ਧੰਨਵਾਦ ਕੀਤਾ। ਮੰਚ ਸੰਚਾਲਨ ਸਹਾਇਕ ਨਿਰਦੇਸ਼ਕਾ ਦੇਵਿੰਦਰ ਕੌਰ ਨੇ ਕੀਤਾ। ਇਸ ਮੌਕੇ ਪਦਮਸ੍ਰੀ ਪ੍ਰਾਣ ਸੱਭਰਵਾਲ, ਉੱਤਰ ਖੇਤਰ ਸੱਭਿਆਚਾਰਕ ਕੇਂਦਰ ਦੇ ਸਹਾਇਕ ਨਿਰਦੇਸ਼ਕ ਰਵਿੰਦਰ ਸ਼ਰਮਾ, ਡਾ. ਪੁਸ਼ਪਿੰਦਰ ਕੌਰ, ਨਵੀਨ ਭਾਰਤੀ, ਡਾ. ਆਸ਼ਾ ਕਿਰਨ, ਸ਼ਾਇਰ ਅਵਤਾਰਜੀਤ, ਗੁਰਦਰਸ਼ਨ ਸਿੰਘ ਗੁਸੀਲ, ਗੁਲਜ਼ਾਰ ਪਟਿਆਲਵੀ, ਵਿਨੋਦ ਕੌਸ਼ਲ, ਜੋਗਾ ਸਿੰਘ ਖੀਵਾ ਤੇ ਵੱਡੀ ਗਿਣਤੀ 'ਚ ਸਾਹਿਤ ਰਸੀਏ ਹਾਜ਼ਰ ਸਨ।

ਤਸਵੀਰ: ਸੰਸਕ੍ਰਿਤ ਦਿਵਸ ਨੂੰ ਸਮਰਪਿਤ ਸਮਾਗਮ ਦੌਰਾਨ ਮਹਿਮਾਨਾਂ ਤੇ ਕਵੀਸ਼ਰਾਂ ਨੂੰ ਸਨਮਾਨਿਤ ਕਰਦੇ ਹੋਏ ਡਾਇਰੈਕਟਰ ਭਾਸ਼ਾਵਾਂ ਸ. ਜਸਵੰਤ ਸਿੰਘ ਜ਼ਫ਼ਰ ਤੇ ਪ੍ਰਾਣ ਸੱਭਰਵਾਲ।

## ਰੱਖੜੀ ਦੇ ਤਿਉਹਾਰ 'ਤੇ ਸਕੂਲ ਵਿੱਚ ਉਮੰਗ ਅਤੇ ਭਾਈਚਾਰੇ ਦਾ ਸੰਦੇਸ਼




ਅਹਿਮਦਪੁਰਾ 27 ਅਗਸਤ : ਪੀਐਮ ਸ੍ਰੀ ਸਰਕਾਰੀ ਮਿਡਲ ਸਕੂਲ ਅਹਿਮਦਪੁਰਾ ਵਿੱਚ ਅੱਜ ਰੱਖੜੀ ਦਾ ਤਿਉਹਾਰ ਹਰਸ਼ੋ-ਉਲਾਸ ਅਤੇ ਉਤਸ਼ਾਹ ਨਾਲ ਮਨਾਇਆ ਗਿਆ। ਇਸ ਮੌਕੇ ਵਿਦਿਆਰਥੀਆਂ ਨੇ ਭੈਣ-ਭਰਾ ਦੇ ਪਵਿੱਤਰ ਪਿਆਰ, ਸਨੇਹ ਅਤੇ ਆਪਸੀ ਵਿਸ਼ਵਾਸ ਦਾ ਸੰਦੇਸ਼ ਦਿੱਤਾ। ਕਾਰਜਕ੍ਰਮ ਦੌਰਾਨ ਬੱਚਿਆਂ ਨੇ ਸੁੰਦਰ ਰੱਖੜੀਆਂ ਤਿਆਰ ਕੀਤੀਆਂ ਅਤੇ ਇੱਕ-ਦੂਜੇ ਨੂੰ ਰੱਖੜੀ ਬੰਨ੍ਹ ਕੇ ਰੱਖੜੀ ਦੇ ਤਿਉਹਾਰ ਦੀਆਂ ਸ਼ੁਭਕਾਮਨਾਵਾਂ ਦਿੱਤੀਆਂ। ਵਿਦਿਆਰਥੀਆਂ ਨੇ ਤਿਉਹਾਰ ਨਾਲ ਜੁੜੀਆਂ ਸੱਭਿਆਚਾਰਕ ਅਤੇ ਰਚਨਾਤਮਕ ਗਤੀਵਿਧੀਆਂ ਵਿੱਚ ਉਤਸ਼ਾਹ ਨਾਲ ਭਾਗ ਲਿਆ।

ਪੰਜਾਬੀ ਅਧਿਆਪਕ ਅਨੋਖ ਸਿੰਘ ਨੇ ਵਿਦਿਆਰਥੀਆਂ ਨੂੰ ਰੱਖੜੀ ਦੇ ਤਿਉਹਾਰ ਦੀਆਂ ਸ਼ੁਭਕਾਮਨਾਵਾਂ ਦਿੰਦਿਆਂ ਕਿਹਾ ਕਿ ਅਜਿਹੇ ਤਿਉਹਾਰ ਸਾਡੀ ਭਾਰਤੀ ਸੰਸਕ੍ਰਿਤੀ ਅਤੇ ਪਰੰਪਰਾਵਾਂ ਨੂੰ ਜੀਵੰਤ ਰੱਖਦੇ ਹਨ ਅਤੇ ਬੱਚਿਆਂ ਵਿੱਚ ਪਿਆਰ, ਸਹਿਯੋਗ ਤੇ ਭਾਈਚਾਰੇ ਦੀ ਭਾਵਨਾ ਵਿਕਸਿਤ ਕਰਦੇ ਹਨ।

ਸਕੂਲ ਪਰਿਵਾਰ ਵੱਲੋਂ ਸਾਰੇ ਵਿਦਿਆਰਥੀਆਂ ਨੂੰ ਰੱਖੜੀ ਦੀਆਂ ਦਿਲੋਂ ਸ਼ੁਭਕਾਮਨਾਵਾਂ ਦਿੱਤੀਆਂ ਗਈਆਂ। ਪੂਰੇ ਕਾਰਜਕ੍ਰਮ ਦੌਰਾਨ ਸਕੂਲ ਦਾ ਮਾਹੌਲ ਖੁਸ਼ੀ, ਉਤਸ਼ਾਹ ਅਤੇ ਆਪਣੇਪਣ ਨਾਲ ਭਰਿਆ ਰਿਹਾ।

# ਗ਼ਜ਼ਲ ਦਾ ਸਮਰੱਥ ਸ਼ਾਇਰ ਅਜਮੇਰ ਗਿੱਲ

ਅਜਮੇਰ ਗਿੱਲ ਪੰਜਾਬੀ ਜ਼ਬਾਨ ਦਾ ਸਮਰੱਥ ਸ਼ਾਇਰ ਸੀ। ਉਸ ਕਮਾਲ ਦੀ ਗ਼ਜ਼ਲ ਤੇ ਆਜ਼ਾਦ ਨਜ਼ਮ ਲਿਖੀ। ਕੁੱਲ ਚਾਰ ਕਿਤਾਬਾਂ ਨੇ ਅਜਮੇਰ ਦੀਆਂ। ਪਹਿਲੀ ਪੱਤਝੜ ਦੀ ਬੰਸਰੀ ਤੇ ਦੂਸਰੀ ਬਲ਼ਦੀਆਂ ਮਸ਼ਾਲਾਂ ਤੇ ਹਨ੍ਹੇਰੇ ਸੀ। ਤੀਸਰੀ ਵਕਤ ਦੇ ਸਫ਼ੇ ਤੇ ਸੀ। ਚੌਥੀ ਕਿਤਾਬ ਦਾ ਖਰੜਾ ਤਿਆਰ ਕਰਕੇ ਉਹ ਬੀਮਾਰ ਹੋ ਗਿਆ। ਲੋਕ ਸਾਹਿੱਤ ਅਕਾਡਮੀ ਦੇ ਸਮਾਗਮ ਤੇ ਮੋਗਾ ਚ ਮਿਲਿਆ। ਮਹਿੰਦਰ ਸਾਥੀ ਸਮੇਤ। ਕਿਤਾਬ ਦੇ ਪ੍ਰਕਾਸ਼ਨ ਸਬੰਧੀ ਬਲਦੇਵ ਸਿੰਘ ਸੜਕਨਾਮਾ ਨੇ ਮੰਚ ਤੋਂ ਅਪੀਲ ਕੀਤੀ ਕਿ ਸਾਡੇ ਦੋਹਾਂ ਬੁਲੰਦ ਸ਼ਾਇਰਾਂ ਦੀਆਂ ਕਿਤਾਬਾਂ ਤਿਆਰ ਨੇ ਪਰ ਛਾਪਣ ਵਾਲਾ ਕੋਈ ਨਹੀਂ। ਪੰਜਾਬੀ ਸਾਹਿੱਤ ਅਕਾਡਮੀ ਲੁਧਿਆਣਾ ਹਿੰਮਤ ਕਰੇ। ਪੰਜਾਬੀ ਸਾਹਿੱਤ ਅਕਾਡਮੀ ਲੁਧਿਆਣਾ ਦਾ ਉਦੋਂ ਮੈਂ ਪ੍ਰਧਾਨ ਸਾਂ ਤੇ ਡਾ: ਸੁਖਦੇਵ ਸਿੰਘ ਸਿਰਸਾ ਜਨਰਲ ਸਕੱਤਰ। ਅਸਾਂ ਸਿਰ ਜੋੜਿਆ ਤੇ ਐਲਾਨ ਕਰ ਦਿੱਤਾ ਕਿ ਅਕਾਡਮੀ ਵੱਲੋਂ ਸਿਰਜਣਾਤਮਕ ਸਾਹਿੱਤ ਛਾਪਣ ਦੀ ਪਿਰਤ ਨਹੀਂ ਪਰ ਅਸੀਂ ਆਪਣੇ ਸੱਜਣ ਪਿਆਰਿਆਂ ਦੀ ਮਦਦ ਨਾਲ ਜ਼ਰੂਰ ਛਪਵਾ ਲਵਾਂਗੇ।

ਅਜਮੇਰ ਗਿੱਲ ਨੇ ਖਰੜਾ ਮੈਨੂੰ ਭੇਜ ਦਿੱਤਾ ਜੋ ਮੇਰੇ ਸੂਰਜਮੁਖੀ ਨਾਮ ਹੇਠ ਮੈਂ ਲੋਕ ਵਿਰਾਸਤ ਅਕਾਡਮੀ ਦੇ ਸਾਧਨਾਂ ਤੇ ਗੁਰਬਚਨ ਸਿੰਘ ਚਿੰਤਕ( ਟੋਰੰਟੋ)ਦੀ ਮਦਦ ਨਾਲ ਚੇਤਨਾ ਪ੍ਰਕਾਸ਼ਨ ਤੋਂ 2014 ਚ ਛਪਵਾ ਦਿੱਤਾ। ਉਹ 14 ਜਨਵਰੀ 2012 ਨੂੰ ਸਾਨੂੰ ਸਦੀਵੀ ਅਲਵਿਦਾ ਕਹਿ ਗਿਆ। ਇੱਕ ਧੀ ਤੇ ਪੁੱਤਰ ਦਾ ਬਾਬਲ ਬੱਚਿਆਂ ਨੂੰ ਮਾਂ ਸਹਾਰੇ ਛੱਡ ਅਨੰਤ ਦੇਸ ਨੂੰ ਤੁਰ ਗਿਆ। ਦੁਖਦਾਈ ਪੱਖ ਇਹ ਰਿਹਾ ਕਿ ਅਜਮੇਰ ਆਪਣੀ ਇਹ ਗ਼ਜ਼ਲ ਪੁਸਤਕ ਛਪੇ ਰੂਪ 'ਚ ਨਾ ਵੇਖ ਸਕਿਆ। ਪਹਿਲਾਂ ਹੀ ਸਦੀਵੀ ਅਲਵਿਦਾ ਕਹਿ ਗਿਆ। ਇਸ ਪੁਸਤਕ ਵਿੱਚ ਅਮਰ ਸੂਫੀ ਨੇ ਅਜਮੇਰ ਨਾਲ ਲੰਮੀ ਮੁਲਾਕਾਤ ਕਰਕੇ ਦਿੱਤੀ।

ਅਜਮੇਰ ਗਿੱਲ ਦਾ ਜਨਮ 23ਅਪਰੈਲ 1942 ਦਾ ਹੈ ਪਰ ਕਾਗ਼ਜ਼ਾਂ ਚ 1937 ਲਿਖਿਆ ਹੋਇਆ ਹੈ। ਮੋਗਾ ਜ਼ਿਲ੍ਹੇ ਦੇ ਪਿੰਡ ਝੰਡੇਵਾਲਾ ਚ ਉਹ ਸ: ਧੰਨਾ ਸਿੰਘ ਦੇ ਘਰ ਮਾਤਾ ਗੁਰਦਿਆਲ ਕੌਰ ਦੀ ਕੁੱਖੋਂ ਪੈਦਾ ਹੋਇਆ। ਪੰਜ ਭਰਾ ਤੇ ਦੋ ਭੈਣਾਂ ਸਨ ਉਸ ਦੀਆਂ। ਉਸ ਨੇ ਦੋ ਅਣਛਪੀਆਂ ਕਿਤਾਬਾਂ ਦਾ ਜ਼ਿਕਰ ਵੀ ਅਮਰ ਸੂਫ਼ੀ ਨਾਲ ਮੁਲਾਕਾਤ ਵਿੱਚ ਕੀਤਾ ਹੈ। ਅਜਮੇਰ ਦੇ ਪਰਿਵਾਰ ਨਾਲ ਸੰਪਰਕ ਕਰਕੇ ਹੀ ਇਸ ਦਾ ਪੱਕ ਕੀਤਾ ਜਾ ਸਕਦਾ ਹੈ। ਅਜਮੇਰ ਗਿੱਲ ਦੀਆਂ ਗ਼ਜ਼ਲਾਂ ਵਿੱਚ ਇੱਕ ਰੰਗ ਦੇ ਨਹੀਂ, ਸੈਆਂ ਰੰਗਾਂ ਦੇ ਸੂਰਜਮੁਖੀ ਖਿੜਦੇ ਨੇ। ਮੇਰੀ ਉਸ ਦੇ ਕਲਾਮ ਨਾਲ ਸਾਂਝ ਲਗਪਗ ਪੰਜ ਦਹਾਕੇ ਪੁਰਾਣੀ ਹੈ। ਮੈਂ ਤੇ ਮੇਰੇ ਮਿੱਤਰ ਪਿਆਰੇ ਸ਼ਮਸ਼ੇਰ ਸਿੰਘ ਸੰਧੂ ਨੇ ਪਹਿਲੀ ਵਾਰ ਉਸ ਦੀ ਇੱਕ ਗ਼ਜ਼ਲ ਦੇ ਦੋ ਸ਼ਿਅਰ ਪੜ੍ਹੇ ਸਨ।

ਦੇਗਾਂ 'ਚ ਗਏ ਉਬਾਲੇ, ਕੱਟੇ ਗਏ ਆਰਿਆਂ ਤੇ।
ਐਸੇ ਸਮੇਂ ਵੀ ਆਏ ਤੇਰੇ ਪਿਆਰਿਆਂ ਤੇ।
ਮੈਂ ਬਾਤ ਇਸ਼ਕ ਦੀ ਨੂੰ, ਅੱਗੇ ਤਾਂ ਤੋਰਦਾ ਪਰ,
ਇਹ ਤਾਂ ਸੀ ਮੁਨਹਸਰ ਤੇਰੇ ਹੁੰਗਾਰਿਆਂ ਤੇ।

ਇਸ ਤੋਂ ਬਾਅਦ ਅਸੀਂ ਉਸ ਦੀ ਰਚਨਾ ਦੇ ਮੁਰੀਦ ਹੋ ਗਏ। ਡਾ: ਜਗਤਾਰ ਵਰਗੀ ਪਰਪੱਕਤਾ ਹੈ ਅਜਮੇਰ ਦੇ ਕਲਾਮ ਵਿੱਚ। ਮੈਂ ਇਸ ਸ਼ਾਇਰ ਦੇ ਕਲਾਮ ਨੂੰ ਪੇਸ਼ ਕਰਦਿਆਂ ਖ਼ੁਦ ਨੂੰ ਵਡਭਾਗੀ ਮਹਿਸੂਸ ਕਰਦਾ ਹਾਂ। ਮੈਨੂੰ ਮਾਣ ਹੈ ਕਿ ਉਹ ਸਾਨੂੰ ਵੀ ਨਿੱਕੇ ਭਰਾ ਮੰਨਦਾ ਸੀ।



ਵਰਲਡ ਪੰਜਾਬੀ ਟਾਈਮਜ਼
ਗੁਰਭਜਨ ਗਿੱਲ

ਪੇਸ਼ ਹਨ ਅਜਮੇਰ ਗਿੱਲ ਦੀਆ
ਚਾਰ ਗ਼ਜ਼ਲਾਂ

1
ਨਿਕਲੀ ਨਦੀ ਪਹਾੜ 'ਚੋਂ

ਨਿਕਲੀ ਨਦੀ ਪਹਾੜ 'ਚੋਂ ਆਂਚਲ ਸੰਭਾਲ ਕੇ।
ਸਾਗਰ ਉਡੀਕੇ ਉਸਨੂੰ ਬਾਹਾਂ ਉਠਾਲ ਕੇ।

ਮੌਸਮ ਫ਼ਕੀਰ ਹੈ ਘਰੋਂ ਪਰਤੇ ਨਾ ਖਾਲੀ ਹੱਥ,
ਫੁੱਲਾਂ ਦੇ ਬੀਜਾਂ ਨੂੰ ਜ਼ਰਾ ਰੱਖੀਂ ਸੰਭਾਲ ਕੇ।

ਕੋਮਲ ਹਵਾ ਦੇ ਖੰਭ ਨਾ ਸੜ ਜਾਣ ਮਿਲਣ ਸਾਰ,
ਅੱਖਾਂ 'ਚ ਅੱਗ ਹੀ ਸਦਾ ਰੱਖੀਂ ਨਾ ਬਾਲਕੇ।

ਭਾਵੇਂ ਕਿ ਮਿੱਟੀ ਦੇ ਸਿਵਾ ਕੁਝ ਵੀ ਨਹੀਂ ਬਦਨ,
ਡੋਰੀ ਸਜਾ ਦੇ ਇਸ 'ਚ ਤੂੰ ਕੁਝ ਮੋਮ ਢਾਲ ਕੇ।

ਵਿਸ਼ ਦਾ ਪਿਆਲਾ ਹੈਂ ਜੇ ਤੂੰ, ਲੱਗ ਜਾ ਲਬਾਂ ਦੇ ਨਾਲ,
ਕਿੱਥੋਂ ਲਿਆਵਾਂ ਹੋਰ ਮੈਂ ਸੁਕਰਾਤ ਭਾਲਕੇ।

ਬੱਚੇ ਦੇ ਵਾਂਗ ਫੇਰ ਵੀ ਹੱਸੇਗਾ ਰਾਤ-ਦਿਨ,
ਨੇਜ਼ੇ ਤੇ ਰੱਖੀਂ ਦਿਲ ਮਿਰਾ, ਰੱਖੀਂ ਉਛਾਲ ਕੇ।

2
ਰਾਤ ਬਾਰੇ ਖ਼ਤ ਲਿਖੇ ਸੀ ਤੂੰ

ਰਾਤ ਬਾਰੇ ਖ਼ਤ ਲਿਖੇ ਸੀ ਤੂੰ ਜੋ, ਸਾਰੇ ਮਿਲ ਗਏ।
ਮਿਲ ਗਏ ਭੇਜੇ ਤਿਰੇ ਸਭ ਚੰਦ ਤਾਰੇ ਮਿਲ ਗਏ।

ਮਿਲ ਗਏ ਅਹਿਸਾਸ ਦੇ ਚੀਨੇ ਕਬੂਤਰ ਦੋਸਤਾ,
ਮਚਲਦੇ ਜਜ਼ਬੇ ਤਿਰੇ ਪ੍ਰਭਾਤ ਬਾਰੇ ਮਿਲ ਗਏ।

ਮੇਰੀਆਂ ਅਣਛਪੀਆਂ ਗ਼ਜ਼ਲਾਂ ਜਦ ਕਦੇ ਪੜ੍ਹੀਆਂ ਨੇ ਤੂੰ,
ਡੁੱਬਦਿਆਂ ਸ਼ਬਦਾਂ ਨੂੰ ਸਾਹਿਲ ਤੇ ਕਿਨਾਰੇ ਮਿਲ ਗਏ।

ਫੁੱਲ ਤੋਂ ਹੌਲੀ ਸੀ ਰੂੰ ਦੇ ਫੰਬਿਆਂ ਤੋਂ ਵੀ ਕਿਤੇ,
ਜ਼ਿੰਦਗੀ ਨੂੰ ਗ਼ਮ ਨੇ ਪਰ ਪ੍ਰਬਤ ਤੋਂ ਭਾਰੇ ਮਿਲ ਗਏ।

ਅੱਜ ਤੱਕ ਤਨਹਾ ਨਜ਼ਰ ਸੀ ਭਟਕਦੀ ਆਕਾਸ਼ ਵਿਚ,
ਰੰਗ, ਖ਼ੁਸ਼ਬੂ, ਦਰਦ ਦੇ ਉਸਨੂੰ ਗੁਬਾਰੇ ਮਿਲ ਗਏ।

ਕੇਸੂਆਂ ਦੇ ਫੁੱਲ ਟਹਿਕੇ ਅਜਬ ਹੈ ਇਹ ਟਾਟਕਾ,
ਧੁੱਪ ਨੂੰ ਵਟਣਾ ਤੇ ਰੁੱਖਾਂ ਨੂੰ ਅੰਗਾਰੇ ਮਿਲ ਗਏ।

ਰੁਖ਼ ਮੈਂ ਦਰਿਆਵਾਂ ਦੇ ਮੋੜੇ ਝੱਖੜਾਂ ਨੂੰ ਠੱਲ੍ਹ ਕੇ,
ਤੇਰੀਆਂ ਬਾਹਾਂ ਦੇ ਜਦ ਤੋਂ ਹਨ ਸਹਾਰੇ ਮਿਲ ਗਏ।

3
ਫੁੱਲ ਖਿੜਦੇ ਨੇ ਰਹੇ

ਫੁੱਲ ਖਿੜਦੇ ਨੇ ਰਹੇ ਤੇ ਖਿੜ ਕੇ ਕੁਮਲਾਉਂਦੇ ਰਹੇ।
ਲੋਕ ਮੌਸਮ ਦੀ ਤਰ੍ਹਾਂ ਜਾਂਦੇ, ਰਹੇ ਆਉਂਦੇ ਰਹੇ।

ਹਰ ਤਰ੍ਹਾਂ ਦੀ ਕਰ ਤਬਾਹੀ ਮੁੜ ਗਏ ਤੂਫ਼ਾਨ ਜਦ,
ਟੁੱਟੇ ਪੁਲ਼ਾਂ ਦੇ ਹੇਠ ਪੰਛੀ ਆਲ੍ਹਣੇ ਪਾਉਂਦੇ ਰਹੇ।

ਤੂੰ ਕਦੀ ਤਾਕੀ ਝਰੋਖਾ ਖੋਲ੍ਹ ਨਾ ਤੱਕਿਆ ਕਿਵਾੜ,
ਪੌਣ ਬਣ ਕੇ ਘਰ ਤਿਰੇ ਦਾ ਦਰ ਹਾਂ ਖੜਕਾਉਂਦੇ ਰਹੇ।

ਕੀ ਉਨ੍ਹਾਂ ਦੁੱਖ ਧੁੱਪ ਦਾ, ਸੂਰਜ ਦਾ ਕੀ! ਹੈ ਸਮਝਣਾ,
ਲੋਕ ਜੋ ਹਨ ਰਾਤ ਦੀ ਤਕਦੀਰ ਬਣ ਜਾਂਦੇ ਰਹੇ।

ਹੇਠਲੇ ਫੁੱਟਪਾਥ ਤੇ ਠਰਕੇ ਮਰੀ ਦੁਨੀਆਂ ਮਿਰੀ,
ਦੂਸਰੀ ਮੰਜ਼ਲ 'ਚ ਤੇਰੇ ਫੁੱਲ ਮੁਸਕਰਾਉਂਦੇ ਰਹੇ।

ਸਾਫ਼ ਸੜਕਾਂ ਤੋਂ ਏਂ ਲੱਭਦਾ ਚਿੰਨ੍ਹ ਕਿਸਦੀ ਪੈੜ ਦੇ,
ਜਦ ਸੀ ਪੈੜਾਂ ਬਚਦੀਆਂ ਹੁਣ ਉਹ ਸਮੇਂ ਜਾਂਦੇ ਰਹੇ।

4
ਰੁਕਣਾ ਨਹੀਂ ਹੈ ਕਾਫ਼ਲਾ

ਰੁਕਣਾ ਨਹੀਂ ਹੈ ਕਾਫ਼ਲਾ ਮੇਰੇ ਰੁਕਣ ਦੇ ਨਾਲ।
ਝੱਖੜ ਨੇ ਥੰਮਣਾ ਨਹੀਂ ਰੁੱਖ ਦੇ ਲਿਫ਼ਣ ਦੇ ਨਾਲ।

ਇਕ ਚੰਨ ਚਮਕਦਾ ਰਹੂ ਤਾਰੇ ਵੀ ਖਿੜਨਗੇ,
ਚਾਨਣ ਨੇ ਮਿਟ ਜਾਣਾ ਨਹੀਂ ਸੂਰਜ ਛਿਪਣ ਦੇ ਨਾਲ।

ਜਾਂਦੇ ਨੇ ਦਿਲ ਬਦਲ ਜਦੋਂ ਮਿਲਦੀ ਨਹੀਂ ਨਜ਼ਰ,
ਮਿਟਦੇ ਕਦੇ ਨਾ ਫ਼ਾਸਲੇ ਵਾਟਾਂ ਘਟਣ ਦੇ ਨਾਲ।

ਲੋਕਾਂ ਨੇ ਪੜ੍ਹਕੇ ਜਿਸਨੂੰ ਹੈ ਸੀਨੇ 'ਚ ਸਾਂਭਿਆ,
ਮਿਲਦੀ ਨਹੀਂ ਹੈ ਸ਼ਾਇਰੀ ਅੱਖਰ ਮਿਟਣ ਦੇ ਨਾਲ।

ਤੇਰੇ ਖ਼ਿਲਾਫ਼ ਜੋ ਹਵਾ ਚੱਲਦੀ ਹੈ ਅੱਜ ਕੱਲ੍ਹ,
ਕੁਝ ਹੋਰ ਤਿੱਖੀ ਹੋਏਗੀ ਤੇਰੇ ਤੁਰਨ ਦੇ ਨਾਲ।

# ਪੰਜਾਬ ਦੇ ਸਰਕਾਰੀ ਮੁਲਾਜ਼ਮਾਂ ਨੇ ਸਮੂਹਿਕ ਛੁੱਟੀ ਲੈ ਕੇ ਸਰਕਾਰੀ ਕੰਮ ਕੀਤਾ ਠੱਪ

## ਕੋਟਕਪੂਰਾ ਤਹਿਸੀਲ ਦੇ ਮੁਲਾਜ਼ਮ ਅਤੇ ਪੈਨਸ਼ਨਰਾਂ ਨੇ ਕੋਟਕਪੂਰਾ ਵਿਖ਼ੇ ਰੋਸ ਰੈਲੀ ਕਰਕੇ ਬੱਤੀਆਂ ਵਾਲੇ ਚੌਂਕ ਵਿੱਚ ਮੁੱਖ ਮੰਤਰੀ ਪੰਜਾਬ ਭਗਵੰਤ ਮਾਨ ਦਾ ਪੁਤਲਾ ਫੂਕਿਆ

ਵਰਲਡ ਪੰਜਾਬੀ ਟਾਈਮਜ਼
ਟਿੰਕੂ ਕੁਮਾਰ

ਕੋਟਕਪੂਰਾ, 27 ਅਗਸਤ : ਅੱਜ ਸਥਾਨਕ ਲਾਲਾ ਲਾਜਪਤ ਰਾਏ ਮਿਉਸਪਲ ਪਾਰਕ ਵਿੱਚ ਸਾਂਝੀ ਤਾਲਮੇਲ ਕਮੇਟੀ, ਪੰਜਾਬ ਮੁਲਾਜ਼ਮ ਅਤੇ ਪੈਨਸ਼ਨਰ ਸਾਂਝਾ ਫਰੰਟ, ਸਾਂਝਾ ਮੁਲਾਜ਼ਮ ਮੰਚ ਦੇ ਸੱਦੇ 'ਤੇ ਕੋਟਕਪੂਰਾ ਤਹਿਸੀਲ ਦੇ ਸੈਂਕੜੇ ਅਧਿਆਪਕਾਂ, ਆਸ਼ਾ ਵਰਕਰਾਂ, ਮਿਡ ਡੇ ਮੀਲ ਵਰਕਰਾਂ ਅਤੇ ਪੈਨਸ਼ਨਰਾਂ ਨੇ ਰੋਸ ਰੈਲੀ ਕਰਕੇ ਪੰਜਾਬ ਸਰਕਾਰ, ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਅਤੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਦੇ ਖਿਲਾਫ ਤਿੱਖੀ ਨਾਅਰੇਬਾਜ਼ੀ ਕੀਤੀ। ਇਸ ਤੋਂ ਬਾਅਦ ਸ਼ਹਿਰ ਦੇ ਬਜ਼ਾਰਾਂ ਫੌਜੀ ਰੋਡ, ਢੋਡਾ ਚੌਂਕ, ਰੇਲਵੇ ਰੋਡ, ਮਹਿਤਾ ਚੌਂਕ ਤੋਂ ਬੱਤੀਆਂ ਵਾਲੇ ਚੌਂਕ ਤੱਕ ਰੋਸ ਮਾਰਚ ਕਰਨ ਤੋਂ ਬਾਅਦ ਬੱਤੀਆਂ ਵਾਲੇ ਚੌਂਕ ਵਿੱਚ ਮੁੱਖ ਮੰਤਰੀ ਪੰਜਾਬ ਦਾ ਪੁਤਲਾ ਫੂਕਿਆ। ਇਸ ਤੋਂ ਪਹਿਲਾਂ ਵੱਖ ਵੱਖ ਸਕੂਲਾਂ ਦੇ ਅਧਿਆਪਕ ਅਤੇ ਵੱਖ ਵੱਖ ਵਿਭਾਗਾਂ ਦੇ ਮੁਲਾਜ਼ਮ ਸਮੂਹਿਕ ਛੁੱਟੀ ਲੈਕੇ ਰੈਲੀ ਵਿੱਚ ਸ਼ਾਮਿਲ ਹੋਏ। ਰੈਲੀ ਨੂੰ ਸੰਬੋਧਨ ਕਰਦਿਆਂ ਪੈਨਸ਼ਨਰ ਆਗੂ ਪ੍ਰੇਮ ਚਾਵਲਾ, ਕੁਲਵਿੰਦਰ ਸਿੰਘ ਮੌੜ, ਸੁਭਾਸ਼ ਚੰਦਰ ਸ਼ਰਮਾ, ਵੀਰਇੰਦਰਜੀਤ ਸਿੰਘ ਪੁਰੀ, ਕੁਲਵੰਤ ਸਿੰਘ ਚਾਨੀ, ਸੁਖਮੰਦਰ ਸਿੰਘ ਸੰਧਵਾਂ, ਜਗਸੀਰ ਸਿੰਘ ਖਾਰਾ, ਹਰਦੀਪ ਸਿੰਘ ਕਟਾਰੀਆ, ਅਵਤਾਰ ਸਿੰਘ ਸਹੋਤਾ,




ਨਗਰ ਕੌਂਸਲ ਮੁਲਾਜ਼ਮ ਆਗੂ ਸ਼ਰਨ ਕੁਮਾਰ, ਲਖਵੀਰ ਸਿੰਘ, ਜੈ ਚੰਦ, ਪਾਵਰਕਾਮ ਪੈਨਸ਼ਨਰ ਆਗੂ ਰੇਸ਼ਮ ਸਿੰਘ, ਦਰਸ਼ਨ ਕੁਮਾਰ ਬਾਵਾ, ਜਸਕਰਨ ਸਿੰਘ, ਇੰਦਰਜੀਤ ਸਿੰਘ, ਪਰਮਜੀਤ ਸ਼ਰਮਾ, ਹਰਪ੍ਰੀਤ ਸਿੰਘ ਖਾਲਸਾ, ਹਰਪ੍ਰੀਤ ਸਿੰਘ ਵਾੜਾ ਦੜਾਕਾ ਅਤੇ ਮਨਪ੍ਰੀਤ ਸਿੰਘ ਆਗੂ ਬਿਜਲੀ ਬੋਰਡ, ਸਵਰਨਪਾਲ ਸਿੰਘ ਪ੍ਰਧਾਨ ਪਟਵਾਰ ਯੂਨੀਅਨ ਕੋਟਕਪੂਰਾ ਸੁਖਦੇਵ ਸਿੰਘ ਸਿਵਲ ਹਸਪਤਾਲ ਕੋਟਕਪੂਰਾ, ਮੋਹਨ ਲਾਲ ਪ੍ਰੈਸ ਸਕੱਤਰ ਪੰਜਾਬ ਸਟੇਟ ਮਨਿਸਟੀਰੀਅਲ ਸਟਾਫ ਯੂਨੀਅਨ ਜ਼ਿਲ੍ਹਾ ਫਰੀਦਕੋਟ, ਅਧਿਆਪਕ ਆਗੂ ਪ੍ਰੀਤ ਭਗਵਾਨ ਸਿੰਘ ਐਲੀਮੈਂਟਰੀ ਟੀਚਰਜ਼ ਯੂਨੀਅਨ, ਜਸਜੀਤ ਸਿੰਘ, ਗੁਰਨਾਮ ਸਿੰਘ ਬਾਹਮਣਵਾਲਾ

ਮਾਸਟਰ ਕੇਡਰ ਯੂਨੀਅਨ ਅਮਨਦੀਪ ਸਿੰਘ ਜੱਸਲ, ਅਜਾਇਬ ਸਿੰਘ ਡੈਮੋਕਰੇਟਿਕ ਟੀਚਰਜ਼ ਫਰੰਟ, ਰਜਨੀ ਵਸ਼ਿਸਟ, ਜਸਵਿੰਦਰ ਸਿੰਘ ਸਿੱਧੂ ਕੰਪਿਊਟਰ ਅਧਿਆਪਕ ਯੂਨੀਅਨ, ਸੁਖਚੈਨ ਸਿੰਘ ਰਾਮਸਰ ਗੋਰਮਿੰਟ ਸਕੂਲ ਟੀਚਰਜ਼ ਯੂਨੀਅਨ, ਵਿਵੇਕ ਕਪੂਰ, ਰੇਸ਼ਮ ਸਿੰਘ ਖੀਵਾ, ਗੁਰਪ੍ਰੀਤ ਸਿੰਘ ਸਰਾਵਾਂ ਸਕੂਲ ਲੈਕਚਰਾਰ ਯੂਨੀਅਨ, ਆਲ ਇੰਡੀਆ ਆਸ਼ਾ ਵਰਕਰਾਂ ਦੇ ਸੂਬਾ ਪ੍ਰਧਾਨ ਅਮਰਜੀਤ ਕੌਰ ਰਣ ਸਿੰਘ ਵਾਲਾ, ਸੁਖਮੰਦਰ ਕੌਰ ਮੱਤਾ, ਭਰਾਤਰੀ ਤੌਰ 'ਤੇ ਸ਼ਾਮਿਲ ਵੱਖ ਵੱਖ ਕਿਸਾਨ ਜਥੇਬੰਦੀਆਂ ਦੇ ਆਗੂ ਸੁਖਦੇਵ ਸਿੰਘ, ਸਰਦੂਲ ਸਿੰਘ ਕਾਸਮਭੱਟੀ ਨੇ ਸਮੂਹ ਲੋਕਾਂ, ਮੁਲਾਜ਼ਮ ਅਤੇ ਪੈਨਸ਼ਨਰ ਵਰਗ ਨੂੰ ਸੱਦਾ ਦਿੱਤਾ ਕਿ ਆਮ ਆਦਮੀ ਪਾਰਟੀ ਦਾ ਹੰਕਾਰ ਤੋੜਣ ਲਈ ਅਤੇ ਸੱਤਾ ਤੋਂ ਲਾਂਭੇ ਕਰਨ ਲਈ ਪੰਜਾਬ ਵਿਧਾਨ ਸਭਾ ਚੋਣਾਂ ਵਿੱਚ ਸਬਕ ਸਿਖਾਉਣ ਲਈ ਅੱਜ ਤੋਂ ਹੀ ਕਮਰਕਸੇ ਕੱਸ ਲੈਣ। ਆਗੂਆਂ ਨੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਅਤੇ ਪੰਜਾਬ ਸਰਕਾਰ 'ਤੇ ਦੋਸ਼ ਲਾਇਆ ਕਿ ਆਪਣੇ ਸਾਢੇ ਚਾਰ ਸਾਲ ਦੇ ਰਾਜ ਭਾਗ ਦੌਰਾਨ ਲਗਾਤਾਰ ਮੁਲਾਜ਼ਮ ਅਤੇ ਪੈਨਸ਼ਨਰ ਵਿਰੋਧੀ ਫੈਸਲੇ ਕੀਤੇ ਹਨ। ਇਸ ਤੋਂ ਇਲਾਵਾ ਮਾਨਯੋਗ ਅਦਾਲਤਾਂ ਦੇ ਫੈਸਲਿਆਂ ਦੇ ਬਿਲਕੁੱਲ ਉਲਟ ਜਾਕੇ ਕੰਮ ਕੀਤੇ ਹਨ।

ਆਗੂਆਂ ਨੇ ਪੰਜਾਬ ਸਰਕਾਰ ਨੂੰ ਚੇਤਾਵਨੀ ਦਿਤੀ ਕਿ ਜੇਕਰ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਦਾ ਬਣਦਾ 18 ਫੀਸਦੀ ਡੀ.ਏ. ਨਾ ਦਿੱਤਾ ਗਿਆ, ਪੁਰਾਣੀ ਪੈਨਸ਼ਨ ਸਕੀਮ ਬਹਾਰ ਨਾ ਕੀਤੀ ਗਈ, ਕੱਚੇ ਮੁਲਾਜ਼ਮਾਂ ਨੂੰ ਰੈਗੂਲਰ ਨਾ ਕੀਤਾ ਗਿਆ ਅਤੇ ਸਕੀਮ ਵਰਕਰਾਂ ਦੀਆਂ ਉਜ਼ਰਤਾਂ ਵਿੱਚ ਢੁੱਕਵਾਂ ਵਾਧਾ ਨਾ ਕੀਤਾ ਗਿਆ, ਮਿਤੀ 15-1-2015 ਦਾ ਮੁੱਢਲੀ ਤਨਖਾਹਾਂ ਤੇ ਭਰਤੀ ਕਰਨ ਸਬੰਧੀ ਪੱਤਰ ਰੱਦ ਨਾ ਕੀਤਾ ਗਿਆ, ਮਿਤੀ 17-7-2020 ਤੋਂ ਬਾਅਦ ਭਰਤੀ ਮੁਲਾਜ਼ਮਾਂ ਨੂੰ ਕੇਂਦਰੀ ਪੈਟਰਨ ਅਨੁਸਾਰ ਤਨਖਾਹਾਂ ਦੇਣ ਦਾ ਪੱਤਰ ਰੱਦ ਨਾ ਕੀਤਾ ਗਿਆ ਅਤੇ ਮਾਨਯੋਗ ਅਦਾਲਤ ਦਾ ਫੈਸਲਾ ਸਹੀ ਦਿਸ਼ਾ ਵਿੱਚ ਲਾਗੂ ਨਾ ਕੀਤਾ ਗਿਆ ਤਾਂ ਆਉਣ ਵਾਲੇ ਸਮੇਂ ਦੌਰਾਨ ਸੰਘਰਸ਼ਾਂ ਦੀ ਰੂਪ ਰੇਖਾ ਹੋਰ ਤਿੱਖੀ ਕੀਤੀ ਜਾਵੇਗੀ। ਇਸ ਦੀ ਸਮੁੱਚੀ ਜ਼ਿੰਮੇਵਾਰੀ ਭਗਵੰਤ ਮਾਨ ਸਰਕਾਰ ਦੀ ਹੋਵੇਗੀ। ਅੱਜ ਦੇ ਰੋਸ ਪ੍ਰਦਰਸ਼ਨ ਦੀ ਇਹ ਵੀ ਵਿਸ਼ੇਸ਼ਤਾ ਰਹੀ ਕਿ ਵੱਖ ਵੱਖ ਰਾਜਨੀਤਿਕ ਪਾਰਟੀਆਂ ਦੇ ਆਗੂ ਮਨਤਾਰ ਸਿੰਘ ਬਰਾੜ ਸਾਬਕਾ ਸੰਸਦੀ ਸਕੱਤਰ, ਅਜੇਪਾਲ ਸਿੰਘ ਸੰਧੂ ਕਾਂਗਰਸੀ ਆਗੂ, ਹਰਬੰਸ ਲਾਲ ਸ਼ਰਮਾ ਭਾਰਤੀ ਜਨਤਾ ਪਾਰਟੀ, ਬਸੰਤ ਕੁਮਾਰ ਪਰਜਾਪਤ ਬਹੁਜਨ ਸਮਾਜ ਪਾਰਟੀ ਨੇ ਵੀ ਰੈਲੀ ਵਿੱਚ ਸ਼ਾਮਿਲ ਹੋਕੇ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਦੀਆਂ ਮੰਗਾਂ ਦੀ ਪੁਰਜ਼ੋਰ ਹਮਾਇਤ ਕੀਤੀ। ਇਸ ਮੌਕੇ ਹੋਰਨਾਂ ਤੋਂ ਇਲਾਵਾ ਅਮਰਜੀਤ ਸਿੰਘ ਦੁੱਗਲ, ਸੋਮਨਾਥ ਅਰੋੜਾ, ਕੁਲਦੀਪ ਸਿੰਘ ਸਹਿਦੇਵ, ਮੰਦਰ ਸਿੰਘ, ਤਾਰਾ ਸਿੰਘ, ਇੰਦਰਜੀਤ ਸਿੰਘ ਸਰਾਵਾਂ, ਯੋਗੇਸ਼ ਰਾਜਪੂਤ, ਰੁਪਿੰਦਰਜੀਤ ਸਿੰਘ, ਬਲਜੀਤ ਸਿੰਘ ਲੈਕਚਰਾਰ, ਧਰਮਹਿੰਦਰ ਸਿੰਘ, ਸੇਵਕ ਸਿੰਘ ਸੈਂਟਰ ਹੈਡ ਟੀਚਰ, ਰਜਿੰਦਰ ਸਿੰਘ ਅਟਵਾਲ, ਇਕਬਾਲ ਸਿੰਘ ਮਘੇੜਾ, ਤਰਸੇਮ ਨਰੂਲਾ, ਮਦਨ ਲਾਲ ਸ਼ਰਮਾ, ਪੂਰਨ ਸਿੰਘ ਸੰਧਵਾਂ, ਜਸਪਾਲ ਸਿੰਘ ਕੋਚ, ਜੋਗਿੰਦਰ ਸਿੰਘ ਸੈਂਟਰ ਹੈਡ ਟੀਚਰ, ਜਸਵੀਰ ਸਿੰਘ ਸਰਾਵਾਂ, ਪ੍ਰੀਤਮ ਸਿੰਘ ਖਜ਼ਾਨਾ ਦਫਤਰ, ਬਲਵਿੰਦਰ ਸਿੰਘ ਚੀਮਾ, ਨਛੱਤਰ ਸਿੰਘ, ਬਲਵਿੰਦਰ ਸਿੰਘ ਗੋਸਵਾਮੀ ਬਹੁਤ ਸਾਰੇ ਸੇਵਾ ਮੁਕਤ ਪੈਨਸ਼ਨਰ ਪੰਜਾਬ ਪੁਲਿਸ ਆਦਿ ਵੱਡੀ ਗਿਣਤੀ ਵਿੱਚ ਆਸ਼ਾ ਵਰਕਰਾਂ, ਅਧਿਆਪਕ, ਮੁਲਾਜ਼ਮ ਅਤੇ ਪੈਨਸ਼ਨਰ ਹਾਜ਼ਰ ਸਨ।

# *ਅਫ਼ਸਰ ਕਲੋਨੀ ਪਾਰਕ, ਸੰਗਰੂਰ ਵਿੱਚ ਪੰਜਾਬੀ ਸਭਿਆਚਾਰ ਦਾ ਪ੍ਰਤੀਕ ਤੀਆਂ ਦਾ ਤਿਉਹਾਰ ਆਪਸੀ ਮਿਲਵਰਤਨ , ਸਹਿਯੋਗ ਤੇ ਜਾਣ ਪਛਾਣ ਦੇ ਰੂਪ ਵਿੱਚ ਸੰਪੰਨ ਹੋਇਆ

ਵਰਲਡ ਪੰਜਾਬੀ ਟਾਈਮਜ਼
ਮਾਸਟਰ ਪਰਮਵੇਦ



ਸੰਗਰੂਰ, 27 ਅਗਸਤ : ਪੰਜਾਬੀ ਸੱਭਿਆਚਾਰ ਦੀ ਪ੍ਰਤੀਕ ਤੀਆਂ ਦਾ ਤਿਉਹਾਰ ਸਥਾਨਕ ਅਫ਼ਸਰ ਕਲੋਨੀ ਦੇ ਪਾਰਕ ਵਿਖੇ ਪੂਰੇ ਹਰਸ਼ੋ-ਉਲਾਸ, ਸੱਭਿਅਕ ਸ਼ਾਨੋ-ਸ਼ੌਕਤ ਅਤੇ ਆਪਸੀ ਸਾਂਝ ਦੇ ਪ੍ਰਤੀਕ ਵਜੋਂ ਮਨਾਇਆ ਗਿਆ। ਕਲੋਨੀ ਦੀਆਂ ਮਹਿਲਾਵਾਂ ਵੱਲੋਂ ਕਰਵਾਏ ਗਏ ਇਸ ਰੰਗਾਰੰਗ ਸਮਾਗਮ ਵਿੱਚ ਧੀਆਂ, ਭੈਣਾਂ ਤੇ ਮਾਵਾਂ ਨੇ ਵੱਡੀ ਗਿਣਤੀ ਵਿੱਚ ਪਹੁੰਚ ਕੇ ਪੰਜਾਬੀ ਵਿਰਸੇ ਨੂੰ ਹੋਰ ਰੰਗੀਨ ਕਰ ਦਿੱਤਾ। ਸਮਾਗਮ ਦਾ ਆਗਾਜ਼ ਮਹਿਲਾਵਾਂ ਵੱਲੋਂ ਤੀਆਂ ਦੇ ਰਵਾਇਤੀ ਬੋਲੀਆਂ ਤੇ ਸੁਹਾਗ ਗੀਤਾਂ ਨਾਲ ਹੋਇਆ। ਪੂਰੇ ਪਾਰਕ ਨੂੰ ਸਜਾਇਆ ਗਿਆ ਸੀ। ਛੋਟੀਆਂ ਬੱਚੀਆਂ ਤੋਂ ਲੈ ਕੇ ਬਜ਼ੁਰਗ ਮਾਵਾਂ ਤੱਕ ਨੇ ਗਿੱਧੇ ਦੀਆਂ ਬੋਲੀਆਂ, ਬੱਲੋ ਅਤੇ ਫੁਲਕਾਰੀ ਦੀ ਖੁਸ਼ਬੂ ਵਾਲੀ ਪੇਸ਼ਕਾਰੀ ਨਾਲ ਮਨੋਰੰਜਨ ਦਾਇਕ ਬਣਾਇਆ। ਸਮਾਗਮ ਨੂੰ ਹੋਰ ਚਾਰ-ਚੰਨ ਲਾਉਣ ਲਈ ਵਿਸ਼ੇਸ਼ ਡੀ.ਜੇ. ਸਾਊਂਡ ਅਤੇ ਖਾਣ-ਪੀਣ ਦੇ 6 ਵੱਖ-ਵੱਖ ਸਟਾਲਾਂ ਦਾ ਉਚੇਚਾ ਪ੍ਰਬੰਧ ਕੀਤਾ ਗਿਆ ਸੀ, ਜਿੱਥੇ ਮਹਿਲਾਵਾਂ ਨੇ ਰਲ-ਮਿਲ ਕੇ ਖੁਸ਼ੀਆਂ ਸਾਂਝੀਆਂ ਕੀਤੀਆਂ।

ਇਸ ਮੌਕੇ ਤੀਆਂ ਦੀ ਪ੍ਰਬੰਧਕੀ ਟੀਮ (ਮਹਿਲਾਵਾਂ) ਨੇ ਕਿਹਾ ਕਿ ਤੀਆਂ ਸਿਰਫ਼ ਤਿਉਹਾਰ ਨਹੀਂ, ਸਗੋਂ ਔਰਤਾਂ ਦੀ ਇੱਕਜੁੱਟਤਾ, ਮਾਣ ਅਤੇ ਆਪਸੀ ਦੁੱਖ-ਸੁੱਖ ਸਾਂਝਾ ਕਰਨ ਦਾ ਪਵਿੱਤਰ ਮੰਚ ਹੈ।ਵਾਰਡ ਦੇ ਐਮ.ਸੀ. ਸੁਰਿੰਦਰ ਸਿੰਘ ਭਿੰਡਰ ਨੇ ਵਿਸ਼ੇਸ਼ ਤੌਰ ਤੇ ਕਿਹਾ, "ਜਦੋਂ ਤੋਂ ਅਫ਼ਸਰ ਕਲੋਨੀ ਪਾਰਕ ਹੋਂਦ ਵਿੱਚ ਆਇਆ ਹੈ, ਉਦੋਂ ਤੋਂ ਹੀ ਇੱਥੇ ਤੀਆਂ ਖੁੱਲ੍ਹੇ ਵਿਹੜੇ ਵਿੱਚ ਆਪਣੇ ਪੁਰਾਤਨ ਤੇ ਅਸਲੀ ਸਰੂਪ ਵਿੱਚ ਮਨਾਈਆਂ ਜਾ ਰਹੀਆਂ ਹਨ। ਇਹ ਸਾਡੀਆਂ ਮਹਿਲਾਵਾਂ ਵੱਲੋਂ ਆਪਣੇ ਅਮੀਰ ਵਿਰਸੇ ਨੂੰ ਜਿਉਂਦਾ ਰੱਖਣ ਦੀ ਸ਼ਲਾਘਾਯੋਗ ਕੋਸ਼ਿਸ਼ ਹੈ।" ਪਾਰਕ ਦੇ ਪ੍ਰਧਾਨ ਅਤੇ ਸਮਾਗਮ ਦੇ ਮੁੱਖ ਪ੍ਰਬੰਧਕ ਮਾਸਟਰ ਪਰਮਵੇਦ ਨੇ ਕਿਹਾ ਕਿ ਇਹ ਸਮਾਗਮ ਕੇਵਲ ਮਨੋਰੰਜਨ ਲਈ ਹੀ ਨਹੀਂ, ਸਗੋਂ ਆਪਸੀ ਮੇਲ-ਜੋਲ, ਪਿਆਰ, ਸਾਂਝ ਅਤੇ ਭਾਈਚਾਰਕ ਜਾਣ-ਪਛਾਣ ਨੂੰ ਮਜ਼ਬੂਤ ਕਰਨ ਲਈ ਸੱਭਿਅਕ ਢੰਗ ਨਾਲ ਕਰਵਾਇਆ ਗਿਆ ਹੈ।

ਮਾਸਟਰ ਪਰਮਵੇਦ ਨੇ ਸਮਾਗਮ ਨੂੰ ਸਫਲ ਬਣਾਉਣ ਲਈ ਸਹਿਯੋਗ ਦੇਣ ਲਈ ਬੀਟੂ ਝੱਜ, ਨਾਜ਼ਰ ਸਿੰਘ, ਮੈਨੇਜਰ ਰਜਿੰਦਰ ਛਾਬੜਾ, ਅਮਰੀਕ ਅਤੇ ਸੁਨੀਲ ਦਾ ਤਹਿ ਦਿਲੋਂ ਧੰਨਵਾਦ ਕੀਤਾ। ਸਮਾਗਮ ਲਈ ਆਰਥਿਕ ਸਹਿਯੋਗ ਕਰਨ ਲਈ ਪ੍ਰਸ਼ੋਤਮ ਕੁਮਾਰ ਵੇਰਕਾ ਮਿਲਕ ਪਲਾਂਟ ਵਾਲੇ,ਜਗਦੀਸ਼ ਵਾਲੀਆ, ਐਡਵੋਕੇਟ ਕੁਲਦੀਪ ਜੈਨ,ਮਹਾਂਵੀਰ ਪ੍ਰਸਾਦ, ਮੈਨੇਜਰ ਰਜਿੰਦਰ ਛਾਬੜਾ, ਆਤਮਾ ਸਿੰਘ, ਨਾਜ਼ਰ ਸਿੰਘ, ਨਰਿੰਦਰ ਕੁਮਾਰ (ਮਨੀ ਐਕਸਚੇਂਜ), ਸੌਰਵ ਕੋਹਲੀ, ਇਕਬਾਲ ਕੌਰ, ਬਲਜੀਤ ਕੌਰ, ਗੁਰਧਿਆਨ ਸਿੰਘ ਫੌਜੀ ਅਤੇ ਕਿਰਨ ਪੰਧੇਰ ਦਾ ਵੀ ਵਿਸ਼ੇਸ਼ ਤੌਰ ਤੇ ਧੰਨਵਾਦ ਕੀਤਾ।

ਅੰਤ ਵਿੱਚ ਐਮ ਸੀ ਸੁਰਿੰਦਰ ਸਿੰਘ ਭਿੰਡਰ ਤੇ ਮਾਸਟਰ ਪਰਮਵੇਦ ਨੇ ਭਰੋਸਾ ਦਿਵਾਇਆ ਕਿ ਰਹਿ ਗਈਆਂ ਕਮੀਆਂ ਖਾਸ ਕਰਕੇ ਲਾਈਟ ਦੇ ਪ੍ਰਬੰਧ ਨੂੰ ਦੂਰ ਕੀਤਾ ਜਾਵੇਗਾ। ਅੰਤ ਵਿੱਚ ਉਨ੍ਹਾਂ ਸਮਾਗਮ ਵਿੱਚ ਸ਼ਾਮਲ ਸਾਰਿਆਂ ਦਾ ਧੰਨਵਾਦ ਕੀਤਾ।